ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸੋਮਵਾਰ, ਮਿਤੀ 25 ਜੂਨ, 2012 ਨੂੰ ਸਵੇਰੇ 11.00 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਸਕੱਤਰ, ਉਚੇਰੀ ਸਿੱਖਿਆ ਵਿਭਾਗ
   (ਡਾ. ਗੁਰਨਾਮ ਕੌਰ ਬੇਦੀ, . . . (Nominee)
   ਪ੍ਰਿੰਸੀਪਲ, ਗੌਰਮਿੰਟ ਕਾਲਜ ਫਾਰ ਵੂਮੈਨ, ਅੰਮ੍ਰਿਤਸਰ)
3. ਡਾ. ਰਜਿੰਦਰਜੀਤ ਕੌਰ,
   ਡੀਨ, ਅਕਾਦਮਿਕ ਮਾਮਲੇ
4. ਡਾ. ਜੇ.ਐਸ. ਬੱਲ,
   ਡੀਨ, ਐਗਰੀਕਲਚਰਲ ਤੇ ਫੋਰੈਸਟਰੀ ਫੈਕਲਟੀ
5. ਡਾ. ਰਾਧਾ ਸ਼ਰਮਾ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ
6. ਡਾ. ਰਾਕੇਸ਼ ਮਹਾਜਨ,
   ਡੀਨ, ਸਾਇੰਸਜ਼ ਫੈਕਲਟੀ
7. ਡਾ. ਰਜਿੰਦਰ ਕੁਮਾਰ,
   ਰੀਡਰ ਅਤੇ ਮੁਖੀ, ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ
8. ਡਾ. ਪੀ.ਕੇ. ਸਹਿਜਪਾਲ,
   ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ
9. ਡਾ. ਜਸਪਾਲ ਸਿੰਘ ਰੰਧਾਵਾ,
   ਪ੍ਰਿੰਸੀਪਲ, ਲਾਇਲਪੁਰ ਖਾਲਸਾ ਕਾਲਜ, ਜਲੰਧਰ
10. ਸ. ਵਰਿਆਮ ਸਿੰਘ,
    ਪ੍ਰਿੰਸੀਪਲ, ਬਾਬਾ ਬੁੱਢਾ ਕਾਲਜ, ਬੀੜ ਸਾਹਿਬ, ਅੰਮ੍ਰਿਤਸਰ
11. ਸ੍ਰੀ ਵਿਨੋਦ ਕੁਮਾਰ ਸ਼ਾਹੀ,
    ਪ੍ਰਿੰਸੀਪਲ, ਜੀ.ਜੀ.ਐਸ. ਗੌਰਮਿੰਟ ਕਾਲਜ, ਜੰਡਿਆਲਾ (ਜਲੰਧਰ)
12. ਡਾ. ਦਿਨੇਸ਼ ਸ਼ਰਮਾ,
    ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ
13. ਸ. ਲਖਬੀਰ ਸਿੰਘ ਲੋਧੀਨੰਗਲ
14. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਡਾ. ਐਸ.ਕੇ. ਮੋਡਗਿੱਲ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦਸਿੱਆ ਕਿ ਸਿੰਡੀਕੇਟ ਉੱਤੇ ਸ. ਵਰਿਆਮ ਸਿੰਘ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਸਹਿਯੋਗ ਦੇਂਦੇ ਰਹਿਣਗੇ।

ਸਮੂਹ ਮੈਂਬਰ ਸਾਹਿਬਾਨ ਨੇ ਉਪ-ਕੁਲਪਤੀ ਸਾਹਿਬ ਨੂੰ ਉਨ੍ਹਾਂ ਦੀ ਉਪ-ਕੁਲਪਤੀ ਵਜੋਂ ਮਿਆਦ ਵਿਚ ਮਿਲੇ ਵਾਧੇ ਲਈ ਵਧਾਈ ਦਿੱਤੀ ਅਤੇ ਆਸ ਪ੍ਰਗਟ ਕੀਤੀ ਕਿ ਉਨ੍ਹਾਂ ਦੀ ਅਗਵਾਈ ਵਿਚ ਯੂਨੀਵਰਸਿਟੀ ਹੋਰ ਉਚੀਆਂ ਸ਼ਿਖਰਾਂ ਤੇ ਪਹੁੰਚੇਗੀ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 26.3.2012 ਦੀ ਕਾਰਵਾਈ ਦੀ ਪੁਸ਼ਟੀ।

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 26.3.2012 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 26.3.2012 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 26.3.2012 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

ਯੂਨੀਵਰਸਿਟੀ ਕਰਮਚਾਰੀਆਂ ਦੇ ਕੰਟਰੀਬਿਊਟਰੀ/ਜਨਰਲ ਪ੍ਰੋਵੀਡੈਂਟ ਫੰਡ ਦੀ ਰਾਸ਼ੀ ਉਤੇ ਵਿਆਜ ਦੇਣ ਦੀ ਪਰਵਾਨਗੀ।

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕਰਮਚਾਰੀਆਂ ਨੂੰ ਵਿਤੀ ਸਾਲ 2011-12 ਵਾਸਤੇ ਉਨ੍ਹਾਂ ਦੇ ਖਾਤੇ ਵਿਚ ਜਮ੍ਹਾਂ ਕੰਟਰੀਬਿਊਟਰੀ/ਜਨਰਲ ਪ੍ਰੋਵੀਡੈਂਟ ਫੰਡ ਦੀ ਰਾਸ਼ੀ ਉਤੇ 10.38% ਸਲਾਨਾ ਦਰ ਨਾਲ ਵਿਆਜ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸਾਲ 2011-12 ਦੌਰਾਨ CPS Tier-I ਸਕੀਮ ਅਧੀਨ ਕਰਮਚਾਰੀਆਂ ਨੂੰ ਵਿਆਜ ਦੇਣ ਦੀ ਪਰਵਾਨਗੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 1.1.2004 ਤੋਂ ਬਾਅਦ ਨਿਯੁਕਤ ਹੋਏ ਕਰਮਚਾਰੀਆਂ ਨੂੰ CPS Tier-I ਸਕੀਮ ਅਧੀਨ ਵਿੱਤੀ ਸਾਲ 2011-12 ਦੌਰਾਨ ਉਨ੍ਹਾਂ ਦੇ ਖਾਤੇ ਵਿਚ ਜਮਾਂ ਫੰਡ ਦੀ ਰਾਸ਼ੀ ਤੇ 9.33% ਸਲਾਨਾ ਦਰ ਨਾਲ ਵਿਆਜ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

| | |
|---|---|
| **ਸਾਲ 2009-10, 2010-11 ਅਤੇ 2011-12 ਦੌਰਾਨ CPS Tier-II ਸਕੀਮ ਅਧੀਨ ਕਰਮਚਾਰੀਆਂ ਨੂੰ ਵਿਆਜ ਦੇਣ ਦੀ ਪਰਵਾਨਗੀ।** | 5. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਮਿਤੀ 1.1.2004 ਤੋਂ ਬਾਅਦ ਨਿਯੁਕਤ ਹੋਏ ਕਰਮਚਾਰੀਆਂ ਨੂੰ CPS Tier-II ਸਕੀਮ ਅਧੀਨ-<br><br>(ੳ) ਵਿੱਤੀ ਸਾਲ 2009-10 ਦੇ 4 ਮਹੀਨਿਆਂ (ਦਸੰਬਰ-09 ਤੋਂ ਮਾਰਚ-10) ਦੌਰਾਨ ਉਨ੍ਹਾਂ ਦੇ ਖਾਤੇ ਵਿਚ ਜਮਾਂ ਫੰਡ ਦੀ ਰਾਸ਼ੀ ਤੇ 4.19% ਸਲਾਨਾ ਦਰ ਨਾਲ ਵਿਆਜ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।<br><br>(ਅ) ਵਿੱਤੀ ਸਾਲ 2010-11 ਦੌਰਾਨ ਉਨ੍ਹਾਂ ਦੇ ਖਾਤੇ ਵਿਚ ਜਮਾਂ ਫੰਡ ਦੀ ਰਾਸ਼ੀ ਤੇ 7.15% ਸਲਾਨਾ ਦਰ ਨਾਲ ਵਿਆਜ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।<br><br>(ੲ) ਵਿੱਤੀ ਸਾਲ 2011-12 ਦੌਰਾਨ ਉਨ੍ਹਾਂ ਦੇ ਖਾਤੇ ਵਿਚ ਜਮਾਂ ਫੰਡ ਦੀ ਰਾਸ਼ੀ ਤੇ 8.69% ਸਲਾਨਾ ਦਰ ਨਾਲ ਵਿਆਜ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ। |
| **ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।** | 6. ਵਿਚਾਰ ਉਪਰੰਤ<br><br>**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਹਰੇਕ ਅੱਗੇ ਦਰਸਾਏ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਸਾਲ 2012-13 ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ:- |

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਜਗਰੂਪ ਸਿੰਘ ਸੇਖੋਂ, ਪ੍ਰੋਫੈਸਰ, ਪੋਲੀਟੀਕਲ ਸਾਇੰਸ | International Conference on "Borders and Borderlands: Today's Challanges and Tommorow's prospects" to be held in University of Lisbon, Portugal from September 12-15, 2012. |
| 2. | ਡਾ. ਮਨੋਜ ਕੁਮਾਰ, ਪ੍ਰੋਫੈਸਰ, ਕੈਮਿਸਟਰੀ | 3rd International Conference on " Molecular Sensors & Molecular Logic Gates" to be held in Seoul, Korea from July 8-11, 2012. |
| 3. | ਡਾ. ਨਰੇਸ਼ਪਾਲ ਸਿੰਘ ਸੈਣੀ, ਐਸੋਸੀਏਟ ਪ੍ਰੋਫੈਸਰ, ਫਿਜ਼ਿਕਸ | 39th EPS (European Physical Society Conference on Plasma Physics)held jointly with the 16th ICPP (International Congress on Plasma Physics) in Stockholm, Sweden, 2nd-6th July, 2012. |
| 4. | ਡਾ. ਅਮਨ ਮਹਾਜਨ, ਅਸਿਸਟੈਂਟ ਪ੍ਰੋਫੈਸਰ, ਫਿਜ਼ਿਕਸ | ICYRAM 2012 International Conference on "Young Researchers on Advanced Materials" to be held in Singapore, from July 01-06, 2012. |
| 5. | ਡਾ. ਵੰਦਨਾ ਭੱਲਾ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ | 3rd International Conference on "3rd Molecular Sensors & Molecular Logic Gates" to be held in Seoul, Korea, from July 8-11, 2012. |

**ਸਬੰਧਤ ਅਧਿਆਪਕਾਂ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪਰਵਾਨਗੀ।**

7. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਮਿਤੀ 1.7.2012 ਤੋਂ 30.6.2015 ਤੱਕ ਤਿੰਨ ਸਾਲ ਲਈ ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਅਹੁਦਾ | ਵਿਭਾਗ |
|---|---|---|
| 1. | ਡਾ. ਰੇਨੂੰ ਬਾਲਾ, ਪ੍ਰੋਫੈਸਰ | ਸੰਸਕ੍ਰਿਤ ਪਾਲੀ ਅਤੇ ਪ੍ਰਾਕ੍ਰਿਤ ਵਿਭਾਗ |
| 2. | ਡਾ. ਨਵਦੀਪ ਸਿੰਘ, ਐਸੋਸੀਏਟ ਪ੍ਰੋਫੈਸਰ | ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ |
| 3. | ਡਾ. ਸੰਦੀਪ ਦੂਆ, ਐਸੋਸੀਏਟ ਪ੍ਰੋਫੈਸਰ | ਆਰਕੀਟੈਕਚਰ ਵਿਭਾਗ |
| 4. | ਡਾ. ਸਨੇਹਦੀਪ ਕੌਰ, ਐਸੋਸੀਏਟ ਪ੍ਰੋਫੈਸਰ | ਜੂਆਲੋਜੀ ਵਿਭਾਗ |

**ਡਾ. ਸੁਖਵਿੰਦਰ ਸਿੰਘ, ਪ੍ਰੋਫੈਸਰ, ਪੰਜਾਬੀ ਵਿਭਾਗ, ਰਿਜਨਲ ਕੈਂਪਸ , ਜਲੰਧਰ ਦੀ ਕਾਨੂੰਨ ਵਿਭਾਗ ਦੇ ਮੁਖੀ ਵਜੋਂ ਨਿਯੁਕਤੀ ਦੀ ਪੁਸ਼ਟੀ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਰਜਿੰਦਰ ਕੁਮਾਰ, ਰੀਡਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਮਿਤੀ 14.4.2012 ਤੋਂ 30.4.2012 ਤੱਕ ਦੀ ਕਮਾਈ ਛੁੱਟੀ ਦੌਰਾਨ ਡਾ. ਸੁਖਵਿੰਦਰ ਸਿੰਘ, ਪ੍ਰੋਫੈਸਰ, ਪੰਜਾਬੀ ਵਿਭਾਗ ਨੂੰ ਕਾਨੂੰਨ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

**ਸ੍ਰੀ ਰਜਿੰਦਰ ਸਿੰਘ ਵਿਰਕ, ਐਸੋਸੀਏਟ ਪ੍ਰੋਫੈਸਰ ਦੀ ਕੰਪਿਊਟਰ ਸਾਇੰਸ ਅਤੇ ਇੰਜੀ. ਵਿਭਾਗ ਦੇ ਮੁਖੀ ਵਜੋਂ ਨਿਯੁਕਤੀ ਦੀ ਪੁਸ਼ਟੀ।**

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਗੁਰਵਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਸਾਇੰਸ ਅਤੇ ਇੰਜੀ. ਵਿਭਾਗ ਦੀ ਮਿਤੀ 26.5.2012 ਤੋਂ 16.7.2012 ਤੱਕ ਦੀ ਛੁੱਟੀ ਦੌਰਾਨ ਸ੍ਰੀ ਰਜਿੰਦਰ ਸਿੰਘ ਵਿਰਕ, ਐਸੋਸੀਏਟ ਪ੍ਰੋਫੈਸਰ ਨੂੰ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

**ਡਾ. ਰੇਨੂੰ ਬਾਲਾ, ਪ੍ਰੋਫੈਸਰ, ਸੰਸਕ੍ਰਿਤ ਵਿਭਾਗ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।**

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ ਡਾ. ਦਲਬੀਰ ਸਿੰਘ, ਰੀਡਰ ਅਤੇ ਮੁਖੀ, ਸੰਸਕ੍ਰਿਤ ਵਿਭਾਗ ਦੀ ਮਿਤੀ 28.5.2012 ਤੋਂ 30.6.2012 ਤੱਕ ਛੁੱਟੀ ਦੌਰਾਨ ਡਾ. ਰੇਨੂੰ ਬਾਲਾ, ਪ੍ਰੋਫੈਸਰ, ਸੰਸਕ੍ਰਿਤ ਨੂੰ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਡਾ. ਸੁਬੋਧ ਕੁਮਾਰ, ਪ੍ਰੋਫੈਸਰ, ਕੈਮਿਸਟਰੀ ਦੀ ਸਬੈਟੀਕਲ ਛੁੱਟੀ ਰੱਦ ਕਰਕੇ ਡਿਊਟੀ ਤੇ ਹਾਜਰ ਹੋਣ ਦੀ ਪੁਸ਼ਟੀ।

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਨਾਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੁਬੋਧ ਕੁਮਾਰ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਮਿਤੀ 14.5.2012 ਤੋਂ 9.7.2012 ਤੱਕ ਸਬੈਟੀਕਲ ਛੁੱਟੀ ਰੱਦ ਕਰਦਿਆਂ ਉਨ੍ਹਾਂ ਨੂੰ ਮਿਤੀ 14.5.2012 ਤੋਂ ਡਿਊਟੀ 'ਤੇ ਹਾਜਰ ਹੋਣ ਦੀ ਆਗਿਆ ਦਿੱਤੀ ਹੈ।

ਡਾ. ਕੁਲਦੀਪ ਸਿੰਘ, ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ ਦੀ ਸਬੈਟੀਕਲ ਛੁੱਟੀ ਰੱਦ ਕਰਕੇ ਮੁਖੀ ਵਿਭਾਗ ਵਜੋਂ ਹਾਜਰ ਹੋਣ ਦੀ ਆਗਿਆ ਦੀ ਪੁਸ਼ਟੀ।

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਨਾਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਕੁਲਦੀਪ ਸਿੰਘ, ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ ਦੀ ਮਿਤੀ 16.5.2012 ਤੋਂ 30.6.2012 ਤੱਕ ਬਿਨ੍ਹਾਂ ਤਨਖਾਹ ਸਬੈਟੀਕਲ ਛੁੱਟੀ ਰੱਦ ਕਰਦਿਆਂ ਉਨ੍ਹਾਂ ਨੂੰ ਮਿਤੀ 16.5.2012 ਤੋਂ ਮੁਖੀ ਵਿਭਾਗ ਵਜੋਂ ਹਾਜਰ ਹੋਣ ਦੀ ਆਗਿਆ ਦਿੱਤੀ ਹੈ।

ਸਬੰਧਤ ਅਧਿਆਪਕਾਂ ਦੀ ਮੁੜ ਨਿਯੁਕਤੀ ਦੀ ਪਰਵਾਨਗੀ।

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 11.10.2004 ਦੇ ਪੈਰਾ 15 ਦੇ ਅਧਾਰ ਤੇ ਹੇਠ ਲਿਖੇ ਅਧਿਆਪਕਾਂ ਨੂੰ ਮਿਤੀ 30.6.2012 ਨੂੰ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.7.2012 ਤੋਂ 30.6.2014 ਤੱਕ ਦੋ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਤਨਖਾਹ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਅਹੁਦਾ | ਵਿਭਾਗ |
|---|---|---|
| 1. | ਡਾ. ਪਰਮਜੀਤ ਸਿੰਘ ਸਿੱਧੂ, ਪ੍ਰੋਫੈਸਰ | ਪੰਜਾਬੀ ਅਧਿਐਨ ਸਕੂਲ |
| 2. | ਡਾ. ਆਰ. ਥੰਗਾਰਾਜ, ਪ੍ਰੋਫੈਸਰ | ਫਿਜਿਕਸ |
| 3. | ਡਾ. ਸਤੀਸ਼ ਵਰਮਾ, ਪ੍ਰੋਫਸਰ | ਪੰਜਾਬ ਸਕੂਲ ਆਫ ਇਕਨਾਮਿਕਸ |

ਡਾ. ਦਲਜੀਤ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਪ੍ਰੀ-ਮੈਚਿਊਰ ਸੇਵਾ-ਮੁਕਤੀ ਦੀ ਪੁਸ਼ਟੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਦਲਜੀਤ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਮਿਤੀ 8.5.2012 ਬਾਅਦ ਦੁਪਹਿਰ ਤੋਂ ਪ੍ਰੀ-ਮੈਚਿਊਰ ਸੇਵਾ ਮੁਕਤੀ ਇਸ ਸ਼ਰਤ ਤੇ ਪਰਵਾਨ ਕੀਤੀ ਹੈ ਕਿ ਉਹ ਨੋਟਿਸ ਪੀਰੀਅਡ ਦੀ ਤਿੰਨ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਉਣਗੇ।

ਡਾ. ਰਜਿੰਦਰ ਕੌਰ, ਪ੍ਰੋਫੈਸਰ (ਸੇਵਾ-ਮੁਕਤ) (ਮੁੜ-ਨਿਯੁਕਤ), ਸਾਈਕਾਲੋਜੀ ਵਿਭਾਗ ਦੀ ਬਿਨ੍ਹਾਂ ਤਨਖਾਹ ਛੁੱਟੀ ਦੀ ਪੁਸ਼ਟੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਨਾਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਰਜਿੰਦਰ ਕੌਰ, ਪ੍ਰੋਫੈਸਰ (ਸੇਵਾ-ਮੁਕਤ) (ਮੁੜ-ਨਿਯੁਕਤ), ਸਾਈਕਾਲੋਜੀ ਵਿਭਾਗ

ਨੂੰ USA ਜਾਣ ਲਈ ਮਿਤੀ 28.5.2012 ਤੋਂ 1.7.2012 ਤੱਕ ਗਰਮੀਆਂ ਦੀਆਂ ਛੁੱਟੀਆਂ ਸਮੇਤ ਮਿਤੀ 2.7.2012 ਤੋਂ 8.7.2012 ਤੱਕ 7 ਦਿਨਾਂ ਦੀ ਬਿਨ੍ਹਾਂ ਤਨਖਾਹ ਛੁੱਟੀ ਪਰਵਾਨ ਕੀਤੀ ਹੈ।

ਮਿਸ. ਤਕਦੀਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਸਟੱਡੀ ਲੀਵ ਵਿਚ ਵਾਧੇ ਦੀ ਪਰਵਾਨਗੀ।

16. ਸਟੱਡੀ ਲੀਵ ਕੇਸਾਂ ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਇੱਕਤਰਤਾ ਮਿਤੀ 28.5.2012 ਦੀ ਸਿਫਾਰਸ਼ (ਅੰਤਿਕਾ ਅਨੁਸਾਰ) ਨੂੰ ਮੁੱਖ ਰੱਖਦਿਆਂ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਸ. ਤਕਦੀਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਸਟੱਡੀ ਲੀਵ ਵਿਚ ਛੇ ਮਹੀਨਿਆਂ ਲਈ (ਪੂਰੀ ਤਨਖਾਹ 'ਤੇ) ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

ਡਾ. ਬਰਿੰਦਰ ਕੌਰ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਬਰਿੰਦਰ ਕੌਰ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ (ਪਠਾਨਕੋਟ) ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 29.5.2012 ਤੋਂ 11 ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

ਡਾ. ਐਚ.ਐਸ. ਚੋਪੜਾ, ਲਾਇਬ੍ਰੇਰੀਅਨ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪਰਵਾਨਗੀ।

18. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਐਚ.ਐਸ. ਚੋਪੜਾ, ਲਾਇਬ੍ਰੇਰੀਅਨ, ਭਾਈ ਗੁਰਦਾਸ ਲਾਇਬ੍ਰੇਰੀ, ਜਿਨ੍ਹਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ 21.8.2012 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਇਕ ਸਾਲ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ ਵਾਧਾ ਕੀਤਾ ਜਾਂਦਾ ਹੈ।

ਸ੍ਰੀ ਸੁਨੀਲ ਨਈਅਰ, ਲੀਗਲ ਐਡਵਾਈਜ਼ਰ ਕਮ ਨੋਡਲ ਅਫਸਰ ਦੀ ਨਿਯੁਕਤੀ ਦੀ ਮਿਆਦ ਅਤੇ ਸੇਵਾਫਲ ਵਿਚ ਵਾਧੇ ਦੀ ਪੁਸ਼ਟੀ।

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸੁਨੀਲ ਨਈਅਰ, ਲੀਗਲ ਐਡਵਾਈਜ਼ਰ ਕਮ ਨੋਡਲ ਅਫਸਰ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 2.5.2012 ਤੋਂ 1.5.2013 ਤੱਕ, ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕਰਦਿਆਂ ਉਨ੍ਹਾਂ ਦਾ ਸੇਵਾਫਲ 10000/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 12000/- ਰੁਪਏ ਪ੍ਰਤੀ ਮਹੀਨਾ ਨਿਰਧਾਰਤ ਕੀਤਾ ਹੈ।

ਮੈਸਰਜ਼ ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ ਦੀ ਆਮਦਨ ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਅਤੇ ਸੇਵਾਫਲ ਵਿਚ ਵਾਧੇ ਦੀ ਪੁਸ਼ਟੀ।

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮੈਸਰਜ਼ ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ ਦੀ ਯੂਨੀਵਰਸਿਟੀ ਵਿਖੇ ਆਮਦਨ ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਮਿਤੀ 1.4.2012 ਤੋਂ 31.3.2013 ਤੱਕ, ਇਕ ਸਾਲ ਲਈ ਵਾਧਾ ਕਰਦਿਆਂ ਉਨ੍ਹਾਂ ਦਾ ਸੇਵਾਫਲ 2500/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 3000/- ਰੁਪਏ ਪ੍ਰਤੀ ਮਹੀਨਾ ਨਿਰਧਾਰਤ ਕੀਤਾ ਹੈ।

ਸ੍ਰੀ ਕੁਲਵਰਨ ਸਿੰਘ, ਕਾਲਜ ਨਿਗਰਾਨ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਵਿਖੇ ਕੰਟ੍ਰੈਕਟ ਆਧਾਰ 'ਤੇ ਨਿਯੁਕਤ ਸ੍ਰੀ ਕੁਲਵਰਨ ਸਿੰਘ, ਕਾਲਜ ਨਿਗਰਾਨ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 18.5.2012 ਤੋਂ 17.5.2013 ਤੱਕ, ਇੱਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀਮਤੀ ਗੁਰਦੀਪ ਰਾਣੀ, ਅਸਿਸਟੈਂਟ ਵਾਰਡਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ, ਲੱਧੇਵਾਲੀ, ਜਲੰਧਰ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 30.5.2012 ਦੀ ਇਕ ਦਿਨ ਦੀ ਬ੍ਰੇਕ ਦੇ ਕੇ ਮਿਤੀ 31.5.2012 ਤੋਂ 30.5.2013 ਤੱਕ, ਇੱਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ। ਉਸਦੀ ਇਹ ਨਿਯੁਕਤੀ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

(ਅ) ਸ੍ਰੀ ਹਰਜੀਤ ਲਾਲ, ਫਿਜ਼ੀਓਥਰਾਪਿਸਟ (ਸੇਵਾ-ਮੁਕਤ), ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 4.5.2012 ਤੋਂ 6.5.2012 ਤੱਕ ਤਿੰਨ ਦਿਨਾਂ ਦੀ ਬ੍ਰੇਕ ਦੇ ਕੇ ਮਿਤੀ 7.5.2012 ਤੋਂ 6.11.2012 ਤੱਕ, ਛੇ ਮਹੀਨਿਆਂ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।ਉਸਦੀ ਇਹ ਨਿਯੁਕਤੀ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

(ੲ) ਸ੍ਰੀ ਰਾਮ ਲਾਲ, ਕਾਰਪੈਂਟਰ (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 4.5.2012 ਤੋਂ 6.5.2012 ਤੱਕ ਤਿੰਨ ਦਿਨਾਂ ਦੀ ਬ੍ਰੇਕ ਦੇ ਕੇ ਮਿਤੀ 7.5.2012 ਤੋਂ 6.11.2012 ਤੱਕ, ਛੇ ਮਹੀਨਿਆਂ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ। ਉਸਦੀ ਇਹ ਨਿਯੁਕਤੀ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

(ਸ) ਸ੍ਰੀ ਬਲਬੀਰ ਸਿੰਘ, ਫੋਰਮੈਨ (ਮਕੈਨੀਕਲ) (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 15.5.2012 ਦੀ ਇੱਕ ਦਿਨ ਦੀ ਬ੍ਰੇਕ ਦੇ ਕੇ ਮਿਤੀ 16.5.2012 ਤੋਂ 15.11.2012 ਤੱਕ, ਛੇ ਮਹੀਨਿਆਂ

ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ। ਉਸਦੀ ਇਹ ਨਿਯੁਕਤੀ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

**ਸੀਨੀਅਰ ਪ੍ਰੋਗਰਾਮਰਜ਼ ਨੂੰ ਤਰੱਕੀ ਦੇਣ ਸਬੰਧੀ ਸਕਰੀਨਿੰਗ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਕੰਮ ਕਰ ਰਹੇ ਸੀਨੀਅਰ ਪ੍ਰੋਗਰਾਮਰਜ਼ ਦੀ ਸਿਸਟਮ ਮੈਨੇਜਰ ਵਜੋਂ ਤਰੱਕੀ ਸਬੰਧੀ ਕੇਸਾਂ ਤੇ ਵਿਚਾਰ ਹਿਤ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਸਕਰੀਨਿੰਗ ਕਮੇਟੀ ਦੀ ਇੱਕਤਰਤਾ ਮਿਤੀ 14.5.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਪ੍ਰੋਗਰਾਮਰਜ਼ ਨੂੰ ਸੀਨੀਅਰ ਸਕੇਲ ਦੇਣ ਸਬੰਧੀ ਸਕਰੀਨਿੰਗ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਕੰਮ ਕਰ ਰਹੇ ਪ੍ਰੋਗਰਾਮਰਜ਼ ਨੂੰ ਸੀਨੀਅਰ ਸਕੇਲ ਦੇਣ ਸਬੰਧੀ ਕੇਸਾਂ ਤੇ ਵਿਚਾਰ ਹਿਤ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਸਕਰੀਨਿੰਗ ਕਮੇਟੀ ਦੀ ਇੱਕਤਰਤਾ ਮਿਤੀ 14.5.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/06-5 ਪੀ.ਪੀ.1/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/06-5 ਪੀ.ਪੀ.1/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀ ਨੂੰ ਉਸ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ ਉਪਰੰਤ | ਜਿਸ ਮਿਤੀ ਤੋਂ ਦੇਣੀ ਹੈ | ਬਣਦੀ ਬੇਸਿਕ ਤਨਖਾਹ | ਦਿੱਤਾ ਜਾਣ ਵਾਲਾ ਸਕੇਲ/ਗ੍ਰੇਡ ਪੇਅ |
|---|---|---|---|---|---|
| 1. | ਸ੍ਰੀ ਕੇ.ਬੀ. ਸਪਰਾ, ਨਿੱਜੀ ਸਹਾਇਕ | 14 ਸਾਲਾ | 11.12.2010 | 32560 | 15600-39100+5400 GP |

**ਪੈਨਸ਼ਨ ਦੇ ਬਿਲਾਂ ਦੀ ਅਦਾਇਗੀ ਆਡਿਟ ਦੀ ਬਜਾਏ ਲੇਖਾ ਸ਼ਾਖਾ ਵੱਲੋਂ ਕਰਨ ਦੀ ਪਰਵਾਨਗੀ।**

26. ਯੂਨੀਵਰਸਿਟੀ ਕਰਮਚਾਰੀਆਂ ਦੇ ਸੈਲਰੀ ਬਿੱਲ ਸਾਲ ਵਿੱਚ ਇਕ ਵਾਰ ਅਪ੍ਰੈਲ ਦੇ ਮਹੀਨੇ ਵਿਚ ਆਡਿਟ ਤੋਂ ਪਾਸ ਕਰਵਾਉਣ ਸਬੰਧੀ ਪੰਜਾਬ ਸਰਕਾਰ ਦੇ ਆਦੇਸ਼ਾਂ ਦੇ ਆਧਾਰ 'ਤੇ ਪੈਨਸ਼ਨਰਜ਼ ਦੇ ਬਿਲ ਲੇਖਾ ਸ਼ਾਖਾ ਦੇ ਅਧਿਕਾਰੀਆਂ ਵੱਲੋਂ ਸਿੱਧੇ ਤੌਰ ਤੇ ਪਾਸ ਕਰਵਾਉਣ ਤੇ ਵਿਚਾਰ ਹੋਈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ1:- ਪੰਜਾਬ ਸਰਕਾਰ ਵੱਲੋਂ ਜਾਰੀ ਆਦੇਸ਼ ਅਨੁਸਾਰ ਯੂਨੀਵਰਸਿਟੀ ਕਰਮਚਾਰੀਆਂ ਦੇ ਸੈਲਰੀ ਬਿੱਲ ਸਾਲ ਵਿਚ ਇਕ ਵਾਰ ਅਪ੍ਰੈਲ ਦੇ ਮਹੀਨੇ ਆਡਿਟ ਵੱਲੋਂ ਪਾਸ ਕਰਵਾਏ ਜਾਂਦੇ ਹਨ, ਜਦਕਿ ਬਾਕੀ

ਮਹੀਨਿਆਂ ਦੇ ਬਿੱਲ ਯੂਨੀਵਰਸਿਟੀ ਲੇਖਾ ਸ਼ਾਖਾ ਦੇ ਅਧਿਕਾਰੀਆਂ ਵੱਲੋਂ ਆਡਿਟ ਕਰਕੇ ਅਦਾਇਗੀ ਕੀਤੀ ਜਾਂਦੀ ਹੈ। ਪੈਨਸ਼ਨਰਜ਼ ਦੇ ਬਿੱਲ ਸੈਲਰੀ ਦੇ ਪੈਟਰਨ ਤੇ ਹੀ ਤਿਆਰ ਕੀਤੇ ਜਾਂਦੇ ਹਨ, ਪ੍ਰੰਤੂ ਅਦਾਇਗੀ ਲਈ ਇਹ ਬਿੱਲ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਆਡਿਟ ਵੱਲੋਂ ਪਾਸ ਕੀਤੇ ਜਾਂਦੇ ਹਨ।

ਨੋਟ2:- ਅਪ੍ਰੈਲ 2012 ਮਹੀਨੇ ਦੇ ਪੈਨਸ਼ਨ ਦੇ ਬਿੱਲ ਦਫਤਰ ਵੱਲੋਂ ਤਿਆਰ ਕਰ ਦਿੱਤੇ ਗਏ ਹਨ, ਪ੍ਰੰਤੂ ਆਡਿਟ ਵਿਭਾਗ ਵਿਚ ਨਿਯੁਕਤ ਆਡੀਟਰਾਂ ਦੀ ਗਿਣਤੀ ਦੇ ਸਨਮੁੱਖ ਬਿੱਲ ਪਾਸ ਕਰਨ ਵਿੱਚ ਮੁਸ਼ਕਲ ਪੇਸ਼ ਆ ਰਹੀ ਹੈ। ਇਸ ਸਮੇਂ ਤਕਰੀਬਨ 900 ਕਰਮਚਾਰੀਆਂ ਨੂੰ ਪੈਨਸ਼ਨ ਦੀ ਅਦਾਇਗੀ ਕੀਤੀ ਜਾ ਰਹੀ ਹੈ। ਡਿਪਟੀ ਕੰਟਰੋਲਰ (ਲੋਕਲ ਆਡਿਟ) ਦਾ ਸੁਝਾਅ ਹੈ ਕਿ ਸੈਲਰੀ ਦੀ ਤਰ੍ਹਾਂ ਪੈਨਸ਼ਨ ਦੇ ਬਿੱਲ ਵੀ ਲੇਖਾ ਸ਼ਾਖਾ ਦੇ ਅਧਿਕਾਰੀਆਂ ਵੱਲੋਂ ਪਾਸ ਕਰਵਾ ਲਏ ਜਾਣ। ਸਾਲ ਦੇ ਮਈ ਪੇਡ ਜੂਨ ਮਹੀਨੇ ਵਿਚ ਉਨ੍ਹਾਂ ਵੱਲੋਂ ਇਹ ਬਿੱਲ ਆਡਿਟ ਕੀਤੇ ਜਾਣਗੇ ਅਤੇ ਮਹਿੰਗਾਈ ਭੱਤੇ ਜਾਂ ਤਨਖਾਹ ਦੀ ਦਰ ਵਿਚ ਸੋਧ ਹੋਣ ਦੀ ਸੂਰਤ ਵਿਚ ਬਿੱਲਾਂ ਦੀ ਪਰਵਾਨਗੀ ਆਡਿਟ ਵੱਲੋਂ ਜਾਰੀ ਕੀਤੀ ਜਾਵੇਗੀ।

**ਪਾਸ ਹੋਇਆ** ਕਿ ਯੂਨੀਵਰਸਿਟੀ ਕਰਮਚਾਰੀਆਂ ਦੇ ਸੈਲਰੀ ਬਿੱਲ ਸਾਲ ਵਿੱਚ ਇਕ ਵਾਰ ਅਪ੍ਰੈਲ ਦੇ ਮਹੀਨੇ ਵਿਚ ਆਡਿਟ ਤੋਂ ਪਾਸ ਕਰਵਾਉਣ ਸਬੰਧੀ ਪੰਜਾਬ ਸਰਕਾਰ ਦੇ ਆਦੇਸ਼ਾਂ ਦੇ ਆਧਾਰ 'ਤੇ ਪੈਨਸ਼ਨਰਜ਼ ਦੇ ਬਿਲ ਲੇਖਾ ਸ਼ਾਖਾ ਦੇ ਅਧਿਕਾਰੀਆਂ ਵੱਲੋਂ ਸਿੱਧੇ ਤੌਰ ਤੇ ਪਾਸ ਕਰਵਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਯੂਨੀਵਰਸਿਟੀ ਦੇ ਕਾਲਜਾਂ ਦੇ ਪ੍ਰਿੰਸੀਪਲਾਂ ਅਤੇ ਰਿਜਨਲ ਕੈਂਪਸ, ਸਠਿਆਲਾ ਦੇ ਓ.ਐਸ.ਡੀ. ਨੂੰ ਮੋਬਾਈਲ ਭੱਤਾ ਦੇਣ ਦੀ ਪਰਵਾਨਗੀ।**

27. ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ (ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ; ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ ਅਤੇ ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ) ਦੇ ਪ੍ਰਿੰਸੀਪਲਾਂ ਅਤੇ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਦੇ ਓ.ਐਸ.ਡੀ. ਨੂੰ ਦਫਤਰੀ ਮੰਤਵ ਲਈ 500/- ਰੁਪਏ ਪ੍ਰਤੀ ਮਹੀਨਾ ਟੈਲੀਫੋਨ ਭੱਤਾ (ਉੱਕਾ-ਪੁੱਕਾ) ਦੇਣ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ (ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ; ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ ਅਤੇ ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ) ਦੇ ਪ੍ਰਿੰਸੀਪਲਾਂ ਅਤੇ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਦੇ ਓ.ਐਸ.ਡੀ. ਨੂੰ ਦਫਤਰੀ ਮੰਤਵ ਲਈ 500/- ਰੁਪਏ ਪ੍ਰਤੀ ਮਹੀਨਾ ਮੋਬਾਈਲ ਭੱਤਾ (ਉੱਕਾ-ਪੁੱਕਾ) ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੇ ਪ੍ਰਿੰਸੀਪਲ ਅਤੇ ਯੂਨੀਵਰਸਿਟੀ ਕਾਲਜ, ਜਲੰਧਰ ਦੇ ਓ.ਐਸ.ਡੀ./ ਪ੍ਰਿੰਸੀਪਲ ਨੂੰ ਦਫਤਰੀ ਮੰਤਵ ਲਈ 500/- ਰੁਪਏ ਪ੍ਰਤੀ ਮਹੀਨਾ ਮੋਬਾਈਲ ਭੱਤਾ (ਉੱਕਾ-ਪੁੱਕਾ) ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਯੂਨੀਵਰਸਿਟੀ ਦੇ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਹੋਸਪੀਟੈਲਿਟੀ ਭੱਤਾ ਦੇਣ ਦੀ ਪਰਵਾਨਗੀ।**

28. ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ (ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ; ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ ਅਤੇ ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ) ਦੇ ਪ੍ਰਿੰਸੀਪਲਾਂ ਨੂੰ 1000/- ਰੁਪਏ ਪ੍ਰਤੀ ਮਹੀਨਾ ਹੋਸਪੀਟੈਲਿਟੀ ਭੱਤਾ (ਉੱਕਾ-ਪੁੱਕਾ) ਦੇਣ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ (ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ; ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ ਅਤੇ ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ) ਦੇ ਪ੍ਰਿੰਸੀਪਲਾਂ ਨੂੰ 1000/- ਰੁਪਏ ਪ੍ਰਤੀ ਮਹੀਨਾ ਹੋਸਪੀਟੈਲਿਟੀ ਭੱਤਾ (ਉੱਕਾ-ਪੁੱਕਾ) ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੇ ਪ੍ਰਿੰਸੀਪਲ ਅਤੇ ਯੂਨੀਵਰਸਿਟੀ ਕਾਲਜ, ਜਲੰਧਰ ਦੇ ਓ.ਐਸ.ਡੀ./ ਪ੍ਰਿੰਸੀਪਲ ਨੂੰ ਦਫਤਰੀ ਮੰਤਵ ਲਈ 1000/- ਰੁਪਏ ਪ੍ਰਤੀ ਮਹੀਨਾ ਹੋਸਪੀਟੈਲਿਟੀ ਭੱਤਾ (ਉੱਕਾ-ਪੁੱਕਾ) ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ਲਈ ਐਡਵਾਈਜ਼ਰੀ ਕਮੇਟੀ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 73 ਉਤੇ ਸਟੈਚਿਊਟ 91(ii) ਅਧੀਨ ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ਨੂੰ ਵਿਚਾਰਨ ਹਿਤ ਮਿਤੀ 1.7.2012 ਤੋਂ 30.6.2013 ਤੱਕ, ਇਕ ਸਾਲ ਲਈ ਐਡਵਾਈਜ਼ਰੀ ਕਮੇਟੀ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਰੈਗੂਲੇਸ਼ਨਜ਼ ਕਮੇਟੀ ਦੀ ਨਿਯੁਕਤੀ ਦੇ ਅਧਿਕਾਰ ਉਪ-ਕੁਲਪਤੀ ਸਹਿਬ ਨੂੰ ਦਿੱਤੇ ਗਏ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 1 ਉੱਤੇ ਅਧਿਆਦੇਸ਼ 1 ਅਨੁਸਾਰ ਮਿਤੀ 1.7.2012 ਤੋਂ 30.6.2013 ਤੱਕ, ਇਕ ਸਾਲ ਲਈ ਰੈਗੂਲੇਸ਼ਨਜ਼ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਸਾਲ 2012-13 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 90 ਉੱਤੇ ਸਟੈਚਿਊਟ 12 ਅਨੁਸਾਰ ਸਾਲ 2012-13 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਡਿਸਟੈਂਸ ਐਜੂਕੇਸ਼ਨ ਨਾਲ ਸਬੰਧਿਤ ਮਾਮਲਿਆਂ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਿਸਟੈਂਸ ਐਜੂਕੇਸ਼ਨ ਨਾਲ ਸਬੰਧਿਤ ਮਾਮਲਿਆਂ ਤੇ ਵਿਚਾਰ ਹਿਤ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 6.3.2012 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

1. That the degrees/ diplomas/ certificates of the students of Distance Education shall have only the name of the Institute and the nomenclature "Associate Institute" (the word Distance Education shall no more be mentioned).
2. That wherever required the jurisdiction of the university for Distance Education be mentioned "as per university decisions".
3. That norms regarding starting a course without the approval of the university shall continue as per syndicate decision para 21 dated 4.5.2007.

   Institute starting a new or additional subject in an alloted course without the approval of the university shall pay the penalty of Rs. One Lac per subject. For second violation of this nature, the institute shall be debarred from examination in that subject.

ਇਹ ਵੀ **ਪਾਸ ਹੋਇਆ** ਕਿ ਡਿਸਟੈਂਸ ਐਜੂਕੇਸ਼ਨ ਸਬੰਧੀ ਉਕਤ ਸਿਫਾਰਸ਼ਾਂ ਸਾਲ 2012-13 ਦੇ ਦਾਖਲਿਆਂ ਤੋਂ ਲਾਗੂ ਹੋਣਗੀਆਂ।

ਸਵੀਮਿੰਗ ਪੂਲ ਦੀ ਵਰਤੋਂ ਹਿਤ ਮੈਂਬਰਸ਼ਿਪ ਲਈ ਰੇਟਾਂ ਦੀ ਸੋਧ ਦੀ ਪੁਸ਼ਟੀ।

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਵਿਖੇ ਸਵੀਮਿੰਗ ਪੂਲ ਦੀ ਵਰਤੋਂ ਹਿਤ ਮੈਂਬਰਸ਼ਿਪ ਲਈ ਰੇਟਾਂ ਦੀ ਸੋਧ ਸਬੰਧੀ ਗਠਿਤ ਕਮੇਟੀ ਦੀਆਂ ਮਿਤੀ 16.4.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਹਨ। ਇਹ ਦਰ ਮਈ 2012 ਤੋਂ ਲਾਗੂ ਹੋਣਗੇ।

ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੀ Parents & Teachers Association ਦੇ ਨਿਯਮਾਂ ਵਿਚ ਸੋਧ ਦੀ ਪੁਸ਼ਟੀ।

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੀ Parents & Teachers Association ਦੇ ਨਿਯਮਾਂ ਵਿਚ **ਅੰਤਿਕਾ** ਅਨੁਸਾਰ ਸੋਧ ਪਰਵਾਨ ਕੀਤੀ ਹੈ।

ਐਮ.ਸੀ.ਏ. ਦੇ ਵਿਦਿਆਰਥੀ- ਸ਼ਿਵ ਕਪਿਲ ਨੂੰ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਦੀ ਪਰਵਾਨਗੀ।

35. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2008-11 ਦੌਰਾਨ MCA(TYC) ਛੇਵਾਂ ਸਮੈਸਟਰ ਦੇ ਵਿਦਿਆਰਥੀ- ਸ਼ਿਵ ਕਪਿਲ, ਰੋਲ ਨੰ: 884118, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 30.6.2011 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮਾਂ ਨਹੀਂ ਕਰਵਾ ਸਕਿਆ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ

90 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਐਮ.ਬੀ.ਏ. ਦੀ ਵਿਦਿਆਰਥਣ- ਵਿੰਮੀ ਸੈਣੀ ਨੂੰ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ।

36. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2005-10 ਦੌਰਾਨ MBA(FYIC) ਦਸਵੇਂ ਸਮੈਸਟਰ ਦੀ ਵਿਦਿਆਰਥਣ- ਵਿੰਮੀ ਸੈਣੀ, ਰੋਲ ਨੰ: 5547, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2011 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮਾਂ ਨਹੀਂ ਕਰਵਾ ਸਕੀ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਕੰਪਿਊਟਰ ਸੈਂਟਰ ਦੇ ਨਾ-ਵਰਤੋਂਯੋਗ ਕੰਪਿਊਟਰ ਵੱਟੇ ਖਾਤੇ ਪਾਉਣ ਦੀ ਪਰਵਾਨਗੀ।

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੰਪਿਊਟਰ ਸੈਂਟਰ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 11,75,020/- ਰੁਪਏ ਕੀਮਤ ਦੇ ਕੰਪਿਊਟਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 18.5.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਯੁਵਕ ਭਲਾਈ ਵਿਭਾਗ ਦਾ ਨਕਾਰਾ ਅਤੇ ਨਾ-ਮੁਰੰਮਤ ਯੋਗ ਸਮਾਨ ਵੱਟੇ ਖਾਤੇ ਪਾਉਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੁਵਕ ਭਲਾਈ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦਿਆ 120595/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 14.3.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਵਹੀਕਲਜ਼ ਵਿੰਗ ਵਿਖੇ ਨਕਾਰਾ ਅਤੇ ਨਾ-ਮੁਰੰਮਤ ਯੋਗ ਵਾਹਣ ਵੱਟੇ ਖਾਤੇ ਪਾਉਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਹੀਕਲਜ਼ ਵਿੰਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 5,47,153.48/- ਰੁਪਏ ਕੀਮਤ ਦੇ ਵਾਹਣ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 25.4.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਵਿਦਿਆਰਥੀਆਂ ਨੂੰ ਵਿਸ਼ੇਸ਼ ਪ੍ਰੀਖਿਆ ਦੇਣ ਦੀ ਪੁਸ਼ਟੀ।

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਖਿਡਾਰੀ, ਜੋ ਵੱਖ-ਵੱਖ ਮੁਕਾਬਲਿਆਂ ਵਿਚ ਰੁੱਝੇ ਹੋਣ ਕਾਰਣ ਜਾਂ ਅਜਿਹੇ ਵਿਦਿਆਰਥੀ ਜਿਨ੍ਹਾਂ ਦੀ ਪ੍ਰੀਖਿਆ ਦੌਰਾਨ ਮਿਤੀਆਂ ਵਿਚ Clash ਹੋਣ ਕਾਰਣ ਆਪਣੀ ਸਬੰਧਤ ਵਿਸ਼ੇ ਦੀ ਪ੍ਰੀਖਿਆ ਨਹੀਂ ਦੇ ਸਕੇ, ਨੂੰ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਵਿਸ਼ੇਸ਼ ਪ੍ਰੀਖਿਆ ਦੇਣ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਨਾਮ | ਰੋਲ ਨੰ: | ਕਲਾਸ/ਵਿਸ਼ਾ/ਪੇਪਰ |
|---|---|---|---|
| 1. | ਪੂਨਮ ਸੁਥਰ (ਬੀ.ਬੀ.ਕੇ. ਡੀ.ਏ.ਵੀ. ਕਾਲਜ ਫਾਰ ਵੂਮੈਨ, ਅੰਮ੍ਰਿਤਸਰ) | 229526 | ਬੀ.ਏ. ਭਾਗ ਦੂਜਾ: ਫਾਈਨ ਆਰਟਸ-ਏ (503/S) |
| 2. | ਕੋਮਲ (ਜੀ.ਐਨ.ਐਨ.ਬੀ. ਕਾਲਜ, ਨਰੂੜ ਪਾਂਛਟ) | 346320 | ਬੀ.ਏ. ਭਾਗ ਤੀਜਾ: ਸੋਸ਼ਿਆਲੋਜੀ-ਏ (628/S)<br>ਸੋਸ਼ਿਆਲੋਜੀ-ਬੀ (629/S) |
| 3. | ਅਮਰਜੀਤ ਸਿੰਘ (ਡੀ.ਏ.ਵੀ. ਕਾਲਜ, ਅੰਮ੍ਰਿਤਸਰ) | 153136 | ਬੀ.ਏ. ਭਾਗ ਪਹਿਲਾ: ਪੰਜਾਬੀ ਚੋਣਵੀਂ-ਏ (106/S)<br>ਪੰਜਾਬੀ ਚੋਣਵੀਂ-ਬੀ (107/S)<br>ਫਿਜੀਕਲ ਐਜੂਕੇਸ਼ਨ-ਬੀ (139/S) |
| 4. | ਅਕਸ਼ੈ ਜੈਨ (ਡੀ.ਆਰ.ਵੀ. ਡੀ.ਏ.ਵੀ. ਸ਼ਤਾਬਦੀ ਕਾਲਜ, ਫਿਲੌਰ) | 7467 | ਬੀ.ਕਾਮ. ਭਾਗ ਦੂਜਾ: ਪੇਪਰ-ਸੱਤਵਾਂ : ਬਿਜ਼ਨੈਸ ਇਕਨਾਮਿਕਸ (918/S) |
| 5. | ਸੀਮਾ ਵਰਮਾ (ਬੀ.ਬੀ.ਕੇ. ਡੀ.ਏ.ਵੀ. ਕਾਲਜ ਫਾਰ ਵੂਮੈਨ, ਅੰਮ੍ਰਿਤਸਰ) | 149027 | ਬੀ.ਏ. ਭਾਗ ਪਹਿਲਾ:ਹਿਸਟਰੀ-ਏ (120/S)<br>ਅੰਗਰੇਜੀ ਲਾਜਮੀ (101/S)<br>ਪੰਜਾਬ ਹਿਸਟਰੀ ਐਂਡ ਕਲਚਰ(103/S) |
| 6. | ਮਮਤਾ ਮਿਨਹਾਸ (ਐਚ.ਐਮ.ਵੀ. ਕਾਲਜ, ਜਲੰਧਰ) | 444930 | ਐਮ.ਏ. ਭਾਗ ਦੂਜਾ: ਹਿੰਦੀ-IV (1304/S)<br>ਹਿੰਦੀ-V option (iv) (1308/s) |
| 7. | ਅਵਤਾਰ ਸਿੰਘ (ਏ.ਪੀ.ਜੇ. ਕਾਲਜ ਆਫ ਫਾਈਨ ਆਰਟਸ, ਜਲੰਧਰ) | 178039 | ਬੀ.ਏ. ਭਾਗ ਪਹਿਲਾ: ਮਿਊਜ਼ਿਕ ਇੰਸਟਰੂਮੈਂਟਲ-ਏ (153/S) |
| 8. | ਹਰਪ੍ਰੀਤ ਕੌਰ (ਐਚ.ਐਮ.ਵੀ. ਕਾਲਜ, ਜਲੰਧਰ) | 168295 | ਬੀ.ਏ. ਭਾਗ ਪਹਿਲਾ: ਮਿਊਜ਼ਿਕ ਇੰਸਟਰੂਮੈਂਟਲ-ਏ (153/S) |
| 9. | ਸ਼ਿਵਾਨੀ (ਐਚ.ਐਮ.ਵੀ. ਕਾਲਜ, ਜਲੰਧਰ) | 342111 | ਬੀ.ਏ. ਭਾਗ ਤੀਜਾ: ਫਿਜਿਕਲ ਐਜੂਕੇਸ਼ਨ-ਬੀ (642/S) |
| 10. | ਤਰੁਣ ਸ਼ਰਮਾ (ਡੀ.ਏ.ਵੀ. ਕਾਲਜ, ਅੰਮ੍ਰਿਤਸਰ) | 90256 | ਪੀ.ਜੀ. ਡਿਪਲੋਮਾ ਇਨ ਟ੍ਰੈਵਲ ਐਂਡ ਟੂਰਿਜ਼ਮ: ਪੇਪਰ-ਪਹਿਲਾ: ਟ੍ਰੈਵਲ ਐਂਡ ਟੂਰਿਜ਼ਮ ਕੰਸੈਪਟਸ, ਪਾਲਿਸੀ ਐਂਡ ਪਲਾਨਿੰਗ (2821/S) |

ਪੀ.ਜੀ.ਡੀ.ਸੀ.ਏ. ਦੇ ਵਿਦਿਆਰਥੀ- ਫਿਲਿਪ ਚੌਹਾਨ ਨੂੰ ਸਤੰਬਰ-2012 ਵਿਚ ਪੇਪਰ ਦੇਣ ਦੀ ਪਰਵਾਨਗੀ।

41. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਪੀ.ਜੀ.ਡੀ.ਸੀ.ਏ. ਦਾ ਵਿਦਿਆਰਥੀ- ਫਿਲਿਪ ਚੌਹਾਨ, ਰੋਲ ਨੰ: 85289, ਜੋ ਕਿ ਸੀਨੀਅਰ ਇੰਟਰ ਜੋਨਲ ਨੈਸ਼ਨਲ ਸੋਫਟਬਾਲ ਚੈਂਪੀਅਨਸ਼ਿਪ ਵਿਚ ਰੁੱਝੇ ਹੋਣ ਕਰਕੇ ਮਿਤੀ 3.5.2012 ਅਤੇ 8.5.2012 ਨੂੰ ਪੰਜਵਾਂ ਅਤੇ ਛੇਵਾਂ ਪੇਪਰ ਨਹੀਂ ਦੇ ਸਕਿਆ, ਨੂੰ ਸਤੰਬਰ-2012 ਵਿਚ ਸਪਲੀਮੈਂਟਰੀ ਪ੍ਰੀਖਿਆ ਦੇ ਨਾਲ ਉਕਤ ਦੋਵੇਂ ਪੇਪਰ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਐਲ.ਐਲ.ਬੀ. (ਪੰਜ ਸਾਲਾ) ਕੋਰਸ ਦੇ ਵਿਦਿਆਰਥੀ- ਵਿਕਰਮਜੀਤ ਸਿੰਘ ਨੂੰ ਮਈ 2013 ਵਿਚ ਦਸਵੇਂ ਸਮੈਸਟਰ ਦੇ ਤੀਜੇ ਪੇਪਰ ਦੀ ਰੀ-ਅਪੀਅਰ ਲਈ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।

42. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਲ.ਐਲ.ਬੀ. (ਪੰਜ ਸਾਲਾ) ਕੋਰਸ ਦਾ ਵਿਦਿਆਰਥੀ- ਵਿਕਰਮਜੀਤ ਸਿੰਘ, ਰੋਲ ਨੰ: 5687, ਜਿਸ ਦਾ ਮਈ 2010 ਦਾ ਦਸਵੇਂ ਸਮੈਸਟਰ ਦਾ ਨਤੀਜਾ ਮਿਤੀ 18.4.2012 ਨੂੰ ਘੋਸ਼ਿਤ ਕੀਤਾ ਗਿਆ, ਨੂੰ ਉਕਤ ਸਮੈਸਟਰ ਦੇ ਪੇਪਰ ਤੀਜਾ ਦੀ ਰੀ-ਅਪੀਅਰ ਪਾਸ ਕਰਨ ਲਈ 2500/- ਰੁਪਏ ਜੁਰਮਾਨਾ ਸਮੇਤ ਬਣਦੀ ਫੀਸ ਸਹਿਤ ਮਈ 2013 ਵਿਚ ਅਪੀਅਰ ਹੋਣ ਲਈ ਇਕ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ।

ਤੇਜਿੰਦਰ ਕੌਰ ਅਤੇ ਸਿਮਰਨਜੀਤ ਕੌਰ ਨੂੰ ਪੰਜਾਬੀ ਵਿਸ਼ੇ ਵਿਚ ਪੀਐਚ.ਡੀ. ਲਈ ਡਾ. ਐਚ.ਐਸ. ਬੇਦੀ, ਪ੍ਰੋਫੈਸਰ (ਰਿਟਾ.), ਪੰਜਾਬੀ ਅਧਿਐਨ ਸਕੂਲ ਅਧੀਨ ਰਜਿਸਟ੍ਰੇਸ਼ਨ ਕਰਨ ਦੀ ਪਰਵਾਨਗੀ।

43. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਐਚ.ਐਸ. ਬੇਦੀ, ਪ੍ਰੋਫੈਸਰ (ਰਿਟਾ.), ਪੰਜਾਬੀ ਅਧਿਐਨ ਸਕੂਲ ਕੋਲ ਪਹਿਲਾਂ ਰਜਿਸਟਰਡ 6 ਖੋਜਾਰਥੀਆਂ ਤੋਂ ਇਲਾਵਾ ਦੋ ਹੋਰ ਖੋਜਾਰਥੀ- ਤੇਜਿੰਦਰ ਕੌਰ ਅਤੇ ਸਿਮਰਨਜੀਤ ਕੌਰ ਦੀ ਪੰਜਾਬੀ ਵਿਸ਼ੇ ਵਿਚ ਪੀਐਚ.ਡੀ. ਲਈ ਰਜਿਸਟ੍ਰੇਸ਼ਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਫਿਜ਼ਿਕਸ ਵਿਭਾਗ ਵਿਖੇ ਖ਼੍ਰੀਦੇ ਯੰਤਰ ਦੀ ਸਮੇਂ ਸਿਰ ਅਦਾਇਗੀ ਨਾ ਕਰਨ ਕਰਕੇ ਵਿਆਜ ਵਜੋਂ ਵਾਧੂ ਅਦਾ ਕੀਤੀ ਰਾਸ਼ੀ ਸਬੰਧੀ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ।

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਆਡਿਟ ਇਤਰਾਜ ਦੀ ਪੂਰਤੀ ਲਈ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਫਿਜ਼ਿਕਸ ਵਿਭਾਗ ਵੱਲੋਂ ਸਾਲ 1989 ਦੌਰਾਨ ‘Box Type Furnace with Control Panel’ ਯੰਤਰ ਦੀ ਖ਼੍ਰੀਦ ਕੀਮਤ 97523/- ਰੁਪਏ ਦੀ ਮੁਖੀ ਵਿਭਾਗ ਵੱਲੋਂ ਸਮੇਂ ਸਿਰ ਅਦਾਇਗੀ ਨਾ ਕਰਨ ਕਰਕੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਆਦੇਸ਼ਾਂ ਅਨੁਸਾਰ ਵਿਆਜ ਵਜੋਂ 209864/- ਰੁਪਏ ਦੀ ਵਾਧੂ ਕੀਤੀ ਗਈ ਅਦਾਇਗੀ ਦੀ ਵਸੂਲੀ ਉਕਤ ਵਿਭਾਗ ਦੇ ਅਧਿਕਾਰੀਆਂ ਤੋਂ ਨਾ ਕਰਨ ਦੀ ਆਗਿਆ ਦਿੱਤੀ ਹੈ, ਕਿਉਂਜੋ ਇਨ੍ਹਾਂ ਅਧਿਕਾਰੀਆਂ ਨੇ Official Capacity ਵਿਚ ਕੰਮ ਕੀਤਾ ਹੈ ਅਤੇ ਸੁਪਰੀਮ ਕੋਰਟ ਦੇ ਨਿਰਣੇ ਅਨੁਸਾਰ ਵੀ ਰਿਟਾਇਰਡ ਕਰਮਚਾਰੀ ਦੀ ਪੈਨਸ਼ਨ ਅਤੇ ਗ੍ਰੈਚੂਟੀ ਵਿਚੋਂ ਕਟੌਤੀ ਨਹੀਂ ਕੀਤੀ ਜਾ ਸਕਦੀ।

ਐਜੂਕੇਸ਼ਨ ਕਾਲਜਾਂ ਵਿਚ ਪ੍ਰਿੰਸੀਪਲ ਦੀ ਅਸਾਮੀ ਲਈ ਤਜ਼ਰਬੇ ਦੀ ਸ਼ਰਤ ਸਬੰਧੀ ਸੋਧ।

45. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 3.12.2009 ਦੇ ਪੈਰਾ 37 ਰਾਹੀਂ ਐਜੂਕੇਸ਼ਨ ਕਾਲਜਾਂ ਵਿਚ ਪ੍ਰਿੰਸੀਪਲਾਂ ਦੀ ਨਿਯੁਕਤੀ ਲਈ ਨਿਰਧਾਰਤ ਯੋਗਤਾਵਾਂ ਵਿਚ ਤਜ਼ਰਬੇ ਦੀ ਸ਼ਰਤ ਸਬੰਧੀ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

(iii) Teaching Experience for 10 years out of which 5 years teaching experience should be in B.Ed. training college and remaining 5 years in any Arts/Science/Degree College.

Common Ordinances ਵਿਚ ਸੋਧ ਦੀ ਪੁਸ਼ਟੀ।

46. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 22.12.2011 ਦੇ ਪੈਰਾ 54 ਅਤੇ ਸਿੰਡੀਕੇਟ ਦੀ ਇੱਕਤਰਤਾ ਮਿਤੀ 26.3.2012 ਦੇ ਪੈਰਾ 1 ਰਾਹੀਂ ਪਰਵਾਨ ਕੀਤੇ ਗਏ "Common Ordinances for Undergraduate/ Postgraduate Courses under Semester System for Affiliated Colleges/ Distance Education/ Private Candidates" ਵਿਚ **ਅੰਤਿਕਾ** ਅਨੁਸਾਰ ਸੋਧ ਦੀ ਪਰਵਾਨਗੀ ਦਿੱਤੀ ਹੈ।

ਇਹ ਵੀ **ਪਾਸ ਹੋਇਆ** ਕਿ ਅੰਡਰ-ਗ੍ਰੈਜੂਏਟ ਕੋਰਸਾਂ ਲਈ ਸਲਾਨਾ ਸਿਸਟਮ ਅਧੀਨ ਪਹਿਲਾਂ ਪ੍ਰਵਾਨਤ ਯੋਗਤਾ ਸ਼ਰਤ, ਸਾਲ 2012-13 ਤੋਂ ਸਮੈਸਟਰ ਸਿਸਟਮ ਤੇ ਲਾਗੂ ਹੋਵੇਗੀ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਸਬੰਧਤ ਸਰਟੀਫਿਕੇਟ ਕੋਰਸ, ਡਿਪਲੋਮਾ ਕੋਰਸ ਅਤੇ ਐਡਵਾਂਸ ਡਿਪਲੋਮਾ ਕੋਰਸ ਦੇ ਅਧਿਆਦੇਸ਼ਾਂ ਦੀ ਪੁਸ਼ਟੀ।

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2012-13 ਤੋਂ Certificate Course in French, German, Japanese & Russian (Part-Time), Diploma Course in French & Russian (Full-Time), Diploma Course in French, German & Russian (Part-Time) ਅਤੇ Advanced Diploma Course in French, German & Russian (Part-Time) ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਹਨ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਮਾਸਟਰ ਇਨ ਟੂਰਿਜ਼ਮ ਮੈਨੇਜਮੈਂਟ ਦੀ ਯੋਗਤਾ ਸ਼ਰਤ ਦੀ ਪਰਵਾਨਗੀ।

48. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਤੋਂ ਮਾਸਟਰ ਇਨ ਟੂਰਿਜ਼ਮ ਮੈਨੇਜਮੈਂਟ ਦੀ ਯੋਗਤਾ ਸ਼ਰਤ ਹੇਠ ਲਿਖੇ ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

The examination shall be open to any candidate who has passed graduation in any stream with at least 45% marks in aggregate.

**Darshnacharya, Sahitacharya, Vyakaranacharya** ਅਤੇ **Vedacharya** ਦੇ ਅਧਿਆਦੇਸ਼ਾਂ ਦੀ ਪਰਵਾਨਗੀ।

49. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2011 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 1999 ਭਾਗ-II, ਪੰਨਾ ਨੰ: 344 ਤੋਂ 347 ਤੇ ਮੌਜੂਦ Diplolma of Acharya in Sanskrit Language and Literature ਦੇ ਅਧਿਆਦੇਸ਼, ਜਿਸ ਵਿੱਚ Darshanacharya, Sahitacharya, Vyakaranacharya ਅਤੇ Vedacharya ਦੇ ਅਧਿਆਦੇਸ਼ ਸ਼ਾਮਲ ਸਨ ਅਤੇ ਜੋ ਸਿੰਡੀਕੇਟ ਦੀ ਇੱਕਤਰਤਾ ਮਿਤੀ 26.6.2008 ਦੇ ਪੈਰਾ ਨੰ: 11(VI)(XV) **ਅੰਤਿਕਾ-I** ਅਨੁਸਾਰ ਡਿਲੀਟ ਕੀਤੇ ਜਾ ਚੁੱਕੇ ਹਨ, ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 19.1.2000 ਦੇ ਪੈਰਾ 29(ix) ਰਾਹੀਂ ਪਰਵਾਨ ਹੋਈ **ਅੰਤਿਕਾ-II** ਵਿਚ ਦਰਸਾਈ ਸੋਧ ਸਹਿਤ ਦੁਬਾਰਾ ਮਿਤੀ 26.6.2008 ਤੋਂ ਲਾਗੂ ਕਰਨ ਲਈ ਪ੍ਰਵਾਨ ਕੀਤੇ ਜਾਂਦੇ ਹਨ।

ਪੋਸਟ ਗ੍ਰੈਜੂਏਟ ਡਿਪਲੋਮਾ ਕੋਰਸ ਇਨ ਟ੍ਰਾਂਸਲੇਸ਼ਨ ਦੇ ਅਧਿਆਦੇਸ਼ਾਂ ਦੀ ਪੁਸ਼ਟੀ।

50. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਸੈਸ਼ਨ 2011-12 ਤੋਂ ਪੋਸਟ ਗ੍ਰੈਜੂਏਟ ਡਿਪਲੋਮਾ ਕੋਰਸ ਇਨ ਟ੍ਰਾਂਸਲੇਸ਼ਨ ਦੇ ਅਧਿਆਦੇਸ਼ਾਂ ਦੀ (**ਅੰਤਿਕਾ** ਅਨੁਸਾਰ) ਪਰਵਾਨਗੀ ਦਿੱਤੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਐਮ.ਐਸ.ਸੀ. (ਇੰਟਰਨੈੱਟ ਸਟੱਡੀਜ਼) ਦੀ Eligibility ਦੀ ਪਰਵਾਨਗੀ।

51. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2011-12 ਤੋਂ ਐਮ.ਐਸ.ਸੀ. (ਇੰਟਰਨੈੱਟ ਸਟੱਡੀਜ਼) ਦੀ Eligibility ਹੇਠ ਲਿਖੇ ਅਨੁਸਾਰ ਪਰਵਾਨ ਕੀਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ :-

**Eligibilty:-**

B.C.A./B.Sc.(I.T.) with 50% marks in aggregate.

OR

Graduation with Computer Science/ Computer Application/ IT/ Computer Maintenance as one of the elective subjects with 50% marks in aggregate.

ਐਮ.ਏ. (ਪੁਲਿਸ ਐਡਮਨਿਸਟ੍ਰੇਸ਼ਨ) ਸਮੈਸਟਰ ਸਿਸਟਮ (ਪ੍ਰਾਈਵੇਟ ਵਿਦਿਆਰਥੀਆਂ ਲਈ) ਦੀ ਯੋਗਤਾ ਸ਼ਰਤ ਦੀ ਪਰਵਾਨਗੀ।

52. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਪਰਸਨ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2011-12 ਤੋਂ ਐਮ.ਏ. (ਪੁਲਿਸ ਐਡਮਨਿਸਟ੍ਰੇਸ਼ਨ) ਸਮੈਸਟਰ ਸਿਸਟਮ (ਪ੍ਰਾਈਵੇਟ ਵਿਦਿਆਰਥੀਆਂ ਲਈ) ਦੀ

ਯੋਗਤਾ ਸ਼ਰਤ ਹੇਠ ਲਿਖੇ ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

Graduation in any discipline from a recognized University with 50% marks.

OR

Graduate Police Officials with five years of service shall also be eligible.

**ਮਾਸਟਰ ਇਨ ਪਰਫਾਰਮਿੰਗ ਆਰਟਸ ਕੋਰਸ ਬੰਦ ਕਰਨ ਦੀ ਪਰਵਾਨਗੀ।**

53. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਾਸਟਰ ਇਨ ਪਰਫਾਰਮਿੰਗ ਆਰਟਸ ਦਾ ਕੋਰਸ ਸੈਸ਼ਨ 2012-13 ਤੋਂ ਬੰਦ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਕੋਰਸਾਂ ਦਾ ਨਾਮ ਤਬਦੀਲ਼ ਕਰਨ ਦੀ ਪੁਸ਼ਟੀ।**

54. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂ.ਜੀ.ਸੀ. ਦੇ ਪੱਤਰ ਨੰ: D.O.No. F.5-1/2010(CPP-II) ਮਿਤੀ 28.3.2011 ਨੂੰ ਮੁੱਖ ਰੱਖਦਿਆਂ ਸਬੰਧਤ ਵਿਭਾਗਾਂ ਦੇ ਬੋਰਡ ਆਫ ਕੰਟਰੋਲ ਦੀ ਸਿਫਾਰਸ਼ ਦੇ ਆਧਾਰ 'ਤੇ ਸੈਸ਼ਨ 2012-13 ਤੋਂ ਹੇਠ ਲਿਖੇ ਕੋਰਸਾਂ ਦਾ ਨਾਮ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਹੈ:-

| ਵਰਤਮਾਨ ਨਾਮ | ਤਜ਼ਵੀਜ਼ਸ਼ੁਦਾ ਨਾਮ |
|---|---|
| B.S.Sc. (Hons. School) Social Sceince | B.A. (Hons.) Social Sceince |
| M.S.Sc. (Hons. School) Social Science | M.A. (Hons.) Social Science |
| Bachelor of Journalism & Mass Communication | B.A. (Journalism & Mass Communication) (Hons.) for University<br>B.A. (Journalism & Mass Communication) in the affiliated colleges |
| Master of Journalism & Mass Communication | M.A. (Journalism & Mass Communication) (Hons.) for University<br>M.A. (Journalism & Mass Communication) in the affiliated colleges. |

**ਸਬੰਧਤ ਕੋਰਸਾਂ ਨੂੰ ਆਨਰਜ਼ ਕੋਰਸਾਂ ਵਿਚ ਤਬਦੀਲ਼ ਕਰਨ ਦੀ ਪੁਸ਼ਟੀ।**

55. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ

2011-12 ਤੋਂ ਯੂਨੀਵਰਸਿਟੀ ਕੈਂਪਸ ਅਤੇ ਯੂਨੀਵਰਸਿਟੀ ਰਿਜਨਲ ਕੈਂਪਸਾਂ ਵਿਖੇ ਚੱਲ ਰਹੇ ਹੇਠ ਲਿਖੇ ਕੋਰਸਾਂ ਨੂੰ ਆਨਰਜ਼ ਕੋਰਸਾਂ ਵਿਚ ਤਬਦੀਲ ਕਰਨ ਦੀ ਪਰਵਨਾਗੀ ਦਿੱਤੀ ਹੈ:-

| ਕੋਰਸ ਦਾ ਵਰਤਮਾਨ ਨਾਮ | ਤਜ਼ਵੀਜ਼ਸ਼ੁਦਾ ਨਾਮ |
|---|---|
| M.Com. | M.Com. (Hons.) |
| LL.M. | LL.M. (Hons.) |
| Master of Business Economics | Master of Business Economics (Hons.) |
| M.A. English, Hindi, History, Music (vocal Instrumental), Philosophy, Political Science, Psychology, Punjabi, Religious Studies, Sanskrit, Sociology | M.A. (Hons.) English, Hindi, History, Music (vocal Instrumental), Philosophy, Political Science, Psychology, Punjabi, Religious Studies, Sanskrit, Sociology. |
| LL.B. | LL.B. (Hons.) |
| LL.B. (FYIC) | B.A.LL.B. (Hons.) (FYIC) |

ਬਿਲਡਿੰਗ ਐਡਵਾਈਜ਼ਰੀ ਕਮੇਟੀ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

56. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂ.ਜੀ.ਸੀ. ਵੱਲੋਂ ਨਿਰਧਾਰਤ ਸੇਧਾਂ ਅਨੁਸਾਰ ਮਿਤੀ 1.7.2012 ਤੋਂ 30..6.2014 ਤੱਕ ਦੋ ਸਾਲ ਦੇ ਸਮੇਂ ਲਈ ਬਿਲਡਿੰਗ ਐਡਵਾਈਜਰੀ ਕਮੇਟੀ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਟੈਂਡਰ ਕਮੇਟੀ ਦੇ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

57. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 1.7.2012 ਤੋਂ 30.6.2013 ਤੱਕ, ਇਕ ਸਾਲ ਲਈ ਟੈਂਡਰ ਕਮੇਟੀ ਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਦੇ ਵਿਦਿਆਰਥੀਆਂ ਪਾਸੋਂ PTA Fund ਲੈਣ ਦੀ ਪੁਸ਼ਟੀ।

58. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਵਿਖੇ Parents Teachers Association ਬਣਾਉਣ ਲਈ ਹਰੇਕ ਵਿਦਿਆਰਥੀ ਪਾਸੋਂ ਦਾਖਲੇ ਸਮੇਂ 1000/- ਰੁਪਏ ਪ੍ਰਤੀ ਸਾਲ PTA Fund ਇੱਕਠਾ ਕਰਨ ਦੀ ਪਰਵਾਨਗੀ ਦਿੱਤੀ ਹੈ।

ਡਾ. ਮਹਿਲ ਸਿੰਘ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਦੀ ਬਿਨ੍ਹਾਂ ਤਨਖਾਹ ਛੁੱਟੀ ਦੀ ਪੁਸ਼ਟੀ।

59. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮਹਿਲ ਸਿੰਘ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ

(ਅੰਮ੍ਰਿਤਸਰ) ਦੀ ਮਿਤੀ 1.6.2012 ਤੋਂ 10.6.2012 ਤੱਕ 10 ਦਿਨਾਂ ਦੀ ਬਿਨ੍ਹਾਂ ਤਨਖਾਹ ਛੁੱਟੀ ਇਸ ਸ਼ਰਤ 'ਤੇ ਪਰਵਾਨ ਕੀਤੀ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਵਿਖੇ ਪ੍ਰਿੰਸੀਪਲ ਦੀ ਅਸਾਮੀ ਤੋਂ ਸਵੈ-ਇੱਛਤ ਸੇਵਾ-ਮੁਕਤੀ ਸਬੰਧੀ ਬਣਦੇ ਲਾਭ ਦਾ ਨਿਪਟਾਰਾ ਕਰਨ ਉਪਰੰਤ ਮੁੜ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ (ਅੰਮ੍ਰਿਤਸਰ) ਵਿਖੇ ਜੁਆਇਨ ਕਰ ਲੈਣਗੇ ਅਤੇ ਉਨ੍ਹਾਂ ਦੀ ਇਸ ਛੁੱਟੀ ਵਿਚ ਕਿਸੇ ਪ੍ਰਕਾਰ ਦਾ ਵਾਧਾ ਨਹੀਂ ਕੀਤਾ ਜਾਵੇਗਾ।

**ਖਾਲਸਾ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਵਿਖੇ ਬੀ.ਐਸ.ਸੀ. (ਇਕਨਾਮਿਕਸ) ਭਾਗ ਦੂਜਾ ਦੀਆਂ ਵਿਦਿਆਰਥਣਾਂ ਨੂੰ ਬੀ.ਐਸ.ਸੀ. ਭਾਗ ਪਹਿਲਾ ਵਿਚ ਕੰਪਿਊਟਰ ਸਾਇੰਸ ਵਿਸ਼ੇ ਦੀ ਪ੍ਰੀਖਿਆ ਦਾ ਮੌਕਾ ਦੇਣ ਦੀ ਪਰਵਾਨਗੀ।**

60. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਿਸਟੈਂਸ ਐਜੂਕੇਸ਼ਨ ਅਧੀਨ ਬੀ.ਐਸ.ਸੀ. (ਇਕਨਾਮਿਕਸ) ਭਾਗ ਪਹਿਲਾ ਦੀਆਂ ਹੇਠ ਲਿਖੀਆਂ ਵਿਦਿਆਰਥਣਾਂ, ਜਿਨ੍ਹਾਂ ਨੇ ਚੋਣਵੇਂ ਵਿਸ਼ੇ ਨਾਲ ਕੰਪਿਊਟਰ ਐਪਲੀਕੇਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਬੀ.ਐਸ.ਸੀ. ਭਾਗ ਦੂਜਾ ਵਿਚ ਖਾਲਸਾ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਵਿਖੇ ਦਾਖਲਾ ਲੈ ਲਿਆ ਅਤੇ ਕਾਲਜ ਵੱਲੋਂ ਇਨ੍ਹਾਂ ਵਿਦਿਆਰਥਣਾਂ ਦਾ ਕੰਪਿਊਟਰ ਐਪਲੀਕੇਸ਼ਨ ਦੀ ਥਾਂ ਤੇ ਕੰਪਿਊਟਰ ਸਾਇੰਸ ਵਿਸ਼ੇ ਨਾਲ ਜਾਣ-ਬੁੱਝ ਕੇ ਗਲਤ ਢੰਗ ਨਾਲ ਅਪ੍ਰੈਲ 2012 ਪ੍ਰੀਖਿਆ ਵਿਚ ਪ੍ਰਵੇਸ਼ ਕਰਾਇਆ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ ਸਤੰਬਰ 2012 ਵਿਚ ਹੋਣ ਵਾਲੀਆਂ ਸਪਲੀਮੈਂਟਰੀ ਪ੍ਰੀਖਿਆਵਾਂ ਵਿਚ ਬੀ.ਐਸ.ਸੀ. (ਇਕਨਾਮਿਕਸ) ਭਾਗ ਪਹਿਲਾ ਦੇ ਕੰਪਿਊਟਰ ਸਾਇੰਸ ਵਿਸ਼ੇ ਦੀ ਪ੍ਰੀਖਿਆ ਦੇਣ ਦਾ ਮੌਕਾ ਦਿੱਤਾ ਜਾਂਦਾ ਹੈ ਅਤੇ ਉਕਤ ਕਾਲਜ ਨੂੰ ਗਲਤੀ ਕਾਰਣ 5000/- ਰੁਪਏ ਪ੍ਰਤੀ ਵਿਦਿਆਰਥੀ ਜੁਰਮਾਨਾ ਕੀਤਾ ਜਾਂਦਾ ਹੈ:-

1. ਅਮਰਦੀਪ ਕੌਰ
2. ਦੁਪਿੰਦਰਜੀਤ ਕੌਰ
3. ਗਗਨਦੀਪ ਕੌਰ

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।**

61. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਹਰੇਕ ਅੱਗੇ ਦਰਸਾਏ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਸਾਲ 2012-13 ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਗੁਰਵਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ | 23rd International Conference on "Modelling and Simulation (MS 2012)" to be held in Banff, Canada from July 3-5, 2012. |
| 2. | ਡਾ. ਪਰਮਜੀਤ ਕੌਰ, ਐਸੋਸੀਏਟ ਪ੍ਰੋਫੈਸਰ, ਕੈਮਿਸਟਰੀ | 3rd International Conference on " Molecular Sensors & Molecular Logic Gates" to be held in Seoul, Korea from July 8-11, 2012. |

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ।**

62. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/06-5 ਪੀ.ਪੀ.1/479 ਮਿਤੀ 22.7.2011 ਦੀ ਲਗਾਤਾਰਤਾ ਵਿਚ

ਨੋਟੀਫਿਕੇਸ਼ਨ ਨੰ: 7/60/06-5 ਪੀ.ਪੀ.1/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀਆਂ ਨੂੰ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ ਉਪਰੰਤ | ਜਿਸ ਮਿਤੀ ਤੋਂ ਦੇਣੀ ਹੈ | ਬਣਦੀ ਬੇਸਿਕ ਤਨਖਾਹ | ਦਿੱਤਾ ਜਾਣ ਵਾਲਾ ਸਕੇਲ/ਗ੍ਰੇਡ ਪੇਅ |
|---|---|---|---|---|---|
| 1. | ਸ. ਬਲਵਿੰਦਰ ਸਿੰਘ, ਸਾਬਕਾ ਉਪ-ਰਜਿਸਟਰਾਰ | 9 ਸਾਲਾ | 6.11.11 | 44000 | 15600-39100+8200 GP |
| 2. | ਸ੍ਰੀਮਤੀ ਸਤੀਸ਼ ਕੁਮਾਰੀ, ਸਾਬਕਾ ਨਿਗਰਾਨ | 4 ਸਾਲਾ | 23.1.11 | 29380 | 10300-34800+5400 GP |
| 3. | ਸ. ਸੰਤੋਖ ਸਿੰਘ, ਸਾਬਕਾ ਨਿਗਰਾਨ | 4 ਸਾਲਾ | 6.1.2010 | 28020 | 10300-34800+5400 GP |

**ਬੰਦ ਕੀਤੇ ਕੋਰਸਾਂ ਨੂੰ ਰਿਵਿਊ ਕਰਨ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪੁਸ਼ਟੀ ਅਤੇ Sahitacharya ਕੋਰਸ ਦਾ ਨਾਮ Acharya ਕਰਨ ਦੀ ਪਰਵਾਨਗੀ।**

63. (ੳ) ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 22.12.2011 ਦੇ ਪੈਰਾ ਨੰ: 57 ਰਾਹੀਂ ਬੰਦ ਕੀਤੇ ਕੋਰਸਾਂ ਬਾਰੇ ਲਏ ਗਏ ਨਿਰਣੇ ਨੂੰ ਰਿਵਿਊ ਕਰਨ ਹਿਤ ਗਠਿਤ ਕਮੇਟੀ ਦੀਆਂ ਮਿਤੀ 12.4.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਹਨ।

(ਅ) ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ Sahitacharya ਕੋਰਸ ਦਾ ਨਾਮ Acharya ਤਬਦੀਲ ਕੀਤਾ ਜਾਂਦਾ ਹੈ।

**ਕਾਂਸਟੀਚੂਐਂਟ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਫੀਸਾਂ ਦੀ ਪੁਸ਼ਟੀ।**

64. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਦੇ ਚਾਰ ਕਾਂਸਟੀਚੂਐਂਟ ਕਾਲਜਾਂ (ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਅਤੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ) ਦੇ ਵਿਦਿਆਰਥੀਆਂ ਪਾਸੋਂ ਸੈਸ਼ਨ 2012-13 ਤੋਂ ਲਈਆਂ ਜਾਣ ਵਾਲੀਆਂ ਫੀਸਾਂ (**ਅੰਤਿਕਾ** ਅਨੁਸਾਰ) ਦੀ ਪਰਵਾਨਗੀ ਦਿੱਤੀ ਹੈ।

**ਐਮ.ਏ. (ਮੀਡੀਆ ਸਟੱਡੀਜ਼ ਅਤੇ ਪ੍ਰੋਡਕਸ਼ਨ) ਦੇ ਹਰੇਕ ਪੇਪਰ ਵਿਚ ਪ੍ਰੋਜੈਕਟ ਵਰਕ ਖਤਮ ਕਰਨ ਦੀ ਪਰਵਾਨਗੀ।**

65. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2012-13 ਤੋਂ ਐਮ.ਏ. (ਮੀਡੀਆ ਸਟੱਡੀਜ਼ ਅਤੇ ਪ੍ਰੋਡਕਸ਼ਨ) ਦੇ ਹਰੇਕ ਪੇਪਰ ਵਿੱਚ 20-20 ਨੰਬਰ ਦਾ ਪ੍ਰੋਜੈਕਟ ਵਰਕ ਖਤਮ

ਕੀਤਾ ਜਾਂਦਾ ਹੈ ਅਤੇ ਇਸ ਦੀ ਥਾਂ ਤੇ ਪੰਜਵਾਂ ਪੇਪਰ “ਪ੍ਰੈਕਟੀਕਲ” 80 ਨੰਬਰਾਂ ਦਾ ਲਾਗੂ ਕੀਤਾ ਜਾਂਦਾ ਹੈ।

ਸਾਲ 2009 ਵਿਚ ਕੰਟ੍ਰੈਕਟ ਆਧਾਰ ਤੇ ਨਿਯੁਕਤ CCJDEO ਦੀ ਤਨਖਾਹ ਵਿਚ ਵਾਧੇ ਦੀ ਪਰਵਾਨਗੀ।

66. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਇਸ ਯੂਨੀਵਰਸਿਟੀ ਵਿਖੇ ਸਾਲ 2009 ਵਿਚ ਕੰਟ੍ਰੈਕਟ ਆਧਾਰ ਤੇ 7000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਨਿਯੁਕਤ (**ਅੰਤਿਕਾ** ਅਨੁਸਾਰ) CCJDEO, ਦੀ ਤਿੰਨ ਸਾਲ ਦੀ ਮਿਆਦ ਮਈ 2012 ਵਿਚ ਖਤਮ ਹੋਣ ਉਪਰੰਤ ਨਿਯੁਕਤੀ ਦੀ ਮਿਆਦ ਵਿਚ ਇਕ ਸਾਲ ਦਾ ਵਾਧਾ ਕੀਤਾ ਹੈ।

(ਅ) ਉਕਤ (ੳ) ਅਧੀਨ ਕਰਮਚਾਰੀਆਂ ਦੀ ਬੱਝਵੀਂ ਤਨਖਾਹ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਮਿਤੀ ਤੋਂ 10000/- ਰੁਪਏ ਪ੍ਰਤੀ ਮਹੀਨਾ ਕੀਤੀ ਜਾਂਦੀ ਹੈ।

ਸਬੰਧਤ ਵਿਦਿਆਰਥਣਾਂ ਨੂੰ ਐਮ.ਫਿਲ. ਦਾ ਖੋਜ ਨਿਬੰਧ ਵਿਸ਼ੇਸ਼ ਜੁਰਮਾਨੇ ਸਹਿਤ ਜਮ੍ਹਾਂ ਕਰਾਉਣ ਦੀ ਪਰਵਾਨਗੀ।

67. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਫਿਲ. ਸੈਸ਼ਨ 2009-10 ਦੀਆਂ ਹੇਠ ਲਿਖੀਆਂ ਵਿਦਿਆਰਥਣਾਂ, ਜੋ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਨਿਸ਼ਚਿਤ ਸਮੇਂ ਅੰਦਰ ਆਪਣਾ ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕੀਆਂ, ਨੂੰ 10000/- ਰੁਪਏ ਜੁਰਮਾਨਾ ਫੀਸ ਤੋਂ ਇਲਾਵਾ ਬਣਦੀ ਹੋਰ ਫੀਸ ਸਹਿਤ, ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਕਲਾਸ ਅਤੇ ਰੋਲ ਨੰ: | ਖੋਜ ਨਿਬੰਧ ਜਮ੍ਹਾਂ ਕਰਵਾਉਣ ਦੀ ਨਾਰਮਲ ਮਿਤੀ |
|---|---|---|---|
| 1. | ਅੰਨੂ | ਐਮ.ਫਿਲ. (ਹਿਸਟਰੀ), 894407 | 14.12.2010 |
| 2. | ਗੁਰਮੀਤ ਕੌਰ | ਐਮ.ਫਿਲ. (ਜੁਆਲੋਜੀ), 894347 | 7.12.2010 |

ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

68. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਤੇ ਵਿਚਾਰ ਹੋਈ:-

1. ਸੈਸ਼ਨ 2012-13 ਤੋਂ ਇਕਨਾਮਿਕਸ ਅਤੇ ਬਿਜ਼ਨੈਸ ਫੈਕਲਟੀ ਦੀ ਮਿਤੀ 24.2.2012 ਦੀ ਹੇਠ ਲਿਖੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ:-

**Eligibilty for Bachelor of Tourism & Hotel Mgt. :-**
**(Three years Degree Course)**

“2(a) 10+2 examination of Punjab School Education Board with at least 40% marks”.

(ਪੈਰਾ B)

2. ਸੈਸ਼ਨ 2012-13 ਲਈ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਫੈਕਲਟੀ ਦੀਆਂ ਮਿਤੀ 16.2.2012 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

**Eligibilty for MCA (Three Year Course) ( CBSEGS):-**

B.B.A./B.Com./ B.Com.(Professional)/ B.Sc. (Hons.) Economics or Graduate in any stream with Mathematics/ Statistics/ Computer Sciences/ Computer Applications/ IT/ Computer Maintenance/ Quantitative Techniques as one of the elective subjects with 50% marks in aggregate or any equivalent degree thereto.

**OR**

Bachelor's degree in any stream with 50% marks in aggregate with Mathematics as an elective subject at +2 level.

**Eligibility for M.Sc. (Electronic Media) (for Colleges):-**

| Present | Proposed |
|---|---|
| Candidates applying for admission to the M.Sc. (Electronic Media) must have passed B.Sc. (Electronic Media)/ B.Sc. (IT)/ B.Sc. (Medical)/ B.Sc. (Non-Medical)/ B.Sc. (Computer Science)/ B.Tech. in any discipline/ BCA with minimum of 50% marks. | Candidates applying for admission to the M.Sc. (Electronic Media) must have passed B.Sc. (Electronic Media)/ B.Sc. (IT)/ B.Sc. **(Multimedia)**/ B.Sc. (Non-Medical)/ B.Sc. (Computer Science)/ B.Tech. in any discipline/ BCA with minimum of 50% marks. |

(ਪੈਰਾ E)

3. ਸੈਸ਼ਨ 2012-13 ਲਈ ਲਾਈਫ ਸਾਇੰਸਜ਼ ਫੈਕਲਟੀ ਦੀਆਂ ਮਿਤੀ 24.2.2012 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

**(i) Eligibilty for B.Sc. (Hons. Sch.) Human Genetics:-**

a) Senior Secondary Examination (12th grade) in Medical stream with at least 50% marks in aggregate.
b) Any other examination recognized equivalent thereto".

**(ii) Eligibility for M.Sc. (Honours) Human Genetics:-**

a)Bachelor of Science in any science subject with at least 50% marks in aggregate.
b) Any other examination recognized equivalent thereto as at (a).
c) M.B.B.S. or B.D.S. only.

(ਪੈਰਾ G)

4. ਸੈਸ਼ਨ 2012-13 ਲਈ ਫਿਜੀਕਲ ਪਲਾਨਿੰਗ ਐਂਡ ਆਰਕੀਟੈਕਚਰ ਫੈਕਲਟੀ ਦੀਆਂ ਮਿਤੀ 16.11.2011 ਦੀਆਂ ਹੇਠ ਲਿਖੇ ਕੋਰਸਾਂ ਸਬੰਧੀ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ:-

(i) B.Tech. (URP) (CBSEGS)
(ii) M.Tech. (Urban Planning) and Master in Planning (Infrastructure) (CBSEGS)

(ਪੈਰਾ H)

5. ਸੈਸ਼ਨ 2012-13 ਲਈ ਭਾਸ਼ਾਵਾਂ ਫੈਕਲਟੀ ਦੀ ਇੱਕਤਰਤਾ ਮਿਤੀ 29.2.2012 ਦੀਆਂ ਹੇਠ ਲਿਖੇ ਕੋਰਸਾਂ ਸਬੰਧੀ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ:-

(i) ਡਿਪਲੋਮਾ ਕੋਰਸ ਉਰਦੂ

(ii) ਐਡਵਾਂਸ ਡਿਪਲੋਮਾ ਕੋਰਸ ਇਨ ਉਰਦੂ (ਪਾਰਟ ਟਾਈਮ)
(iii) ਡਿਪਲੋਮਾ ਕੋਰਸ ਪਰਸ਼ੀਅਨ
(iv) ਐਡਵਾਂਸ ਡਿਪਲੋਮਾ ਕੋਰਸ ਇਨ ਪਰਸ਼ੀਅਨ (ਪਾਰਟ ਟਾਈਮ)

(ਪੈਰਾ K)

6. ਸੈਸ਼ਨ 2012-13 ਲਈ ਵਿਜ਼ੂਅਲ ਆਰਟਸ ਅਤੇ ਪਰਫਾਰਮਿੰਗ ਆਰਟਸ ਫੈਕਲਟੀ ਦੀਆਂ ਮਿਤੀ 22.2.2012 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

**Eligibilty for Masters of Fine Arts (MFA) (Applied Art):-**

A Candidate seeking admission to the Course must have passed the Bachelor of Fine Art Degree (BFA) only, in Applied Art (Specialization) of four year duration after 10+2 offered by Guru Nanak Dev University or an examination recognized equivalent thereto with 50% or more marks in the aggregate.

(ਪੈਰਾ O)

7. ਅਕਾਦਮਿਕ ਕੌਂਸਲ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(i) ਯੂਨੀਵਰਸਿਟੀ ਵੱਲੋਂ ਸੈਸ਼ਨ 2011-12 ਤੋਂ **ਅੰਤਿਕਾ** ਅਨੁਸਾਰ ਨਵੇਂ ਕਾਲਜਾਂ ਨੂੰ (ਕੋਰਸਾਂ ਸਮੇਤ) ਆਰਜੀ ਸਬੰਧਤਾ ਦਿੱਤੀ ਹੈ।

(ii) ਸੈਸ਼ਨ 2011-12 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ **ਅੰਤਿਕਾ** ਅਨੁਸਾਰ ਨਵੇਂ ਵਿਸ਼ੇ/ ਕਲਾਸਾਂ/ ਕੋਰਸਾਂ ਦੀ ਆਰਜ਼ੀ ਸਬੰਧਤਾ ਪ੍ਰਦਾਨ ਕੀਤੀ ਹੈ।

(ਪੈਰਾ P)

8. ਅਕਾਦਮਿਕ ਕੌਂਸਲ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਕਾਲਜਾਂ ਨੂੰ ਦਿੱਤੇ ਕੋਰਸਾਂ ਨੂੰ ਬੰਦ ਕਰਨ ਦੀ ਪਰਵਾਨਗੀ ਦਿੱਤੀ ਹੈ:-

| Sr. No. | Name of the College | Course Name | From Session |
|---|---|---|---|
| 1. | Sant Baba Bhag Singh Institute of Education, Vill. Khiala, P.O. Padhiana (Distt. Jalandhar) | PGDCA (Teacher Education) | 2011-12 |
| 2. | Sant Hira Dass Kanya Mahavidyalaya, Kala Sanghian (Kapurthala) | B.A. Part-I: Mathematics | 2011-12 |
| 3. | Army Institute of Higher Education, Pathankot | B.Ed. | 2011-12 |
| 4. | Guru Nanak Khalsa Girls College, Baba Sang Dhesian, Goraya (Distt. Jalandhar) | Bachelor in Physiotherapy | 2011-12 |
| 5. | Trinity College, Jalandhar | B.A. Part-I & II: Music, Psychology & Philosophy | 2011-12 |

(ਪੈਰਾ R)

9. ਉਪ-ਕੁਲਪਤੀ ਸਾਹਿਬ ਦੁਆਰਾ ਗਠਿਤ ਕਮੇਟੀ ਵੱਲੋਂ ਯੂਨੀਵਰਸਿਟੀ ਨਾਲ

ਸਬੰਧਤ ਹਿੰਦੂ ਕਾਲਜ, ਅੰਮ੍ਰਿਤਸਰ ਦੇ ਮਿਆਦੀ ਨਿਰੀਖਣ ਦੀ ਰਿਪੋਰਟ **ਅੰਤਿਕਾ** 'S' ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ।

(ਪੈਰਾ S)

10. ਅਕਾਦਮਿਕ ਕੌਂਸਲ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ, ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2008, ਭਾਗ ਤੀਜਾ ਵਿਚੋਂ ਬੀ.ਪੀ.ਐਡ ਅਤੇ ਐਮ.ਪੀ.ਐਡ. ਦੇ ਸਾਂਝੇ ਅਧਿਆਦੇਸ਼ ਪੰਨਾ ਨੰਬਰ 230 ਤੋਂ 234 ਤੱਕ Delete ਕਰਨ ਦੀ ਪਰਵਾਨਗੀ ਦਿੱਤੀ ਹੈ, ਕਿਉਂਜੋ ਐਮ.ਪੀ.ਐਡ. ਦੇ ਅਧਿਆਦੇਸ਼ ਪੰਨਾ ਨੰਬਰ 225 ਤੋਂ 229 ਤੱਕ ਅਤੇ ਬੀ.ਪੀ.ਐਡ. ਦੇ ਅਧਿਆਦੇਸ਼ ਪੰਨਾ ਨੰਬਰ 239 ਤੋਂ 243 ਤੱਕ ਯੂਨੀਵਰਸਿਟੀ ਕੈਲੰਡਰ 2008, ਭਾਗ ਤੀਜਾ ਵਿੱਚ ਪਹਿਲਾਂ ਹੀ ਵੱਖਰੇ-ਵੱਖਰੇ ਮੌਜੂਦ ਹਨ।

(ਪੈਰਾ T)

11. ਫੈਕਲਟੀ ਆਫ ਸਾਇੰਸਜ਼ ਦੀ ਇੱਕਤਰਤਾ ਮਿਤੀ 23.2.2012 ਦੀਆਂ ਸਿਫਾਰਸ਼ਾਂ ਅਨੁਸਾਰ ਸੈਸ਼ਨ 2012-13 ਤੋਂ ਪੀ.ਜੀ. ਡਿਪਲੋਮਾ ਇਨ ਫੈਸ਼ਨ ਡਿਜਾਈਨਿੰਗ ਅਤੇ ਪੀ.ਜੀ. ਡਿਪਲੋਮਾ ਇਨ ਡਰੈਸ ਡਿਜਾਈਨਿੰਗ ਐਂਡ ਟੇਲਰਿੰਗ (ਦੋਨਾਂ) ਦੀ ਥਾਂ ਇਕੋ ਪੀ.ਜੀ. ਡਿਪਲੋਮਾ ਇਨ ਗਾਰਮੈਂਟ ਕੰਸਟ੍ਰਕਸ਼ਨ ਐਂਡ ਫੈਸ਼ਨ ਡਿਜਾਈਨਿੰਗ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਪੈਰਾ U)

12. ਅਕਾਦਮਿਕ ਕੌਂਸਲ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਬੀ.ਏ. ਪੱਧਰ ਤੇ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੀ ਵਰਤਮਾਨ ਸਥਿਤੀ ਤੇ ਵਿਚਾਰ ਕਰਨ ਲਈ ਬਣਾਈ ਗਈ ਕਮੇਟੀ ਦੀ ਇੱਕਤਰਤਾ ਮਿਤੀ 12.1.2012 ਰਾਹੀਂ, ਲੜੀ ਨੰਬਰ 7 ਹੇਠ ਲਿਖੇ ਅਨੁਸਾਰ ਪਰਵਾਨ ਕੀਤਾ ਜਾਂਦਾ ਹੈ:-

> "ਜਿਨ੍ਹਾਂ ਵਿਦਿਆਰਥੀਆਂ ਨੇ ਬਾਹਰਲੇ ਰਾਜਾਂ ਤੋਂ ਪੰਜਾਬੀ ਭਾਸ਼ਾ ਤੋਂ ਬਗੈਰ ਹੇਠਲੀ ਪ੍ਰੀਖਿਆ ਪਾਸ ਕੀਤੀ ਹੈ, ਉਹਨਾਂ ਨੂੰ ਪੰਜਾਬ ਹਿਸਟਰੀ ਐਂਡ ਕਲਚਰ ਦੀ ਥਾਂ ਬੇਸਿਕ ਪੰਜਾਬੀ ਪੜ੍ਹਾਈ ਜਾਵੇਗੀ ਅਤੇ ਲੋੜ ਅਨੁਸਾਰ ਹੀ ਉਨ੍ਹਾਂ ਵਾਸਤੇ ਪੰਜਾਬੀ ਦਾ ਸਲੇਬਸ ਤਿਆਰ ਕੀਤਾ ਜਾਵੇਗਾ"

ਉਪਰੋਕਤ ਨੂੰ ਮੁੱਖ ਰੱਖਦਿਆਂ ਉਪ-ਕੁਲਪਤੀ ਸਾਹਿਬ ਦੇ ਮਿਤੀ 13.3.2012 ਦੇ ਹੇਠ ਲਿਖੇ ਅਨੁਸਾਰ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ:-

1. ਇਹ ਫੈਸਲਾ ਸੈਸ਼ਨ 2012-13 ਤੋਂ ਲਾਗੂ ਹੋਵੇਗਾ।
2. ਪੰਜਾਬ ਹਿਸਟਰੀ ਐਂਡ ਕਲਚਰ ਵਿਸ਼ਾ ਸੈਸ਼ਨ 2012-13 ਤੋਂ Discontinue ਹੋਵੇਗਾ।
3. ਬੇਸਿਕ ਪੰਜਾਬੀ ਦਾ ਵਿਸ਼ਾ ਸਾਰੇ ਯੂਨੀਵਰਸਿਟੀ ਕੈਂਪਸਾਂ, ਕਾਲਜਾਂ, ਡਿਸਟੈਂਸ ਐਜੂਕੇਸ਼ਨ ਇੰਸਟੀਚਿਊਟਸ ਅਤੇ ਪ੍ਰਾਈਵੇਟ ਚੱਲ ਰਹੇ ਸਾਰੇ ਕੋਰਸਾਂ ਤੇ ਲਾਗੂ ਹੋਵੇਗਾ।

ਇਸ ਲਈ ਸੈਸ਼ਨ 2012-13 ਤੋਂ ਪੰਜਾਬ ਹਿਸਟਰੀ ਐਂਡ ਕਲਚਰ ਦਾ ਵਿਸ਼ਾ Discontinue ਕਰਕੇ ਬੇਸਿਕ ਪੰਜਾਬੀ ਦਾ ਵਿਸ਼ਾ ਪੜ੍ਹਾਇਆ ਜਾਵੇਗਾ।

(ਪੈਰਾ W)

ਉਕਤ ਕ੍ਰਮ ਨੰ: 12 ਸਬੰਧੀ ਉਪ-ਕੁਲਪਤੀ ਸਾਹਿਬ ਨੇ ਦਸਿਆ ਕਿ:-

(i) the Academic Council is the final competent Authority under statute 3.4 (vi) given in the schedule of G.N.D.U. Act 1969. (GNDU Calendar Vol. I, 2007 Page 3) to frame/ amend the syllabi of courses for the examination on the recommendations of Board of Studies and the Faculty

concerned and further that the syllabi for the subject of Basic Punjabi have been approved by Academic Council vide its said Resolution (Para No. W dated 30.3.2012) in confirmity with this statute.

(ii) the Academic Council is also the competent Authority under section 15 and 21 of the GNDU Act, 1969, in all academic matters such as involved in the present case, to take decision to make/amend the Ordinances and recommend the same to the Syndicate for its consideration.

(iii) the Present Syndicate meeting is being held to consider this item for the first time after the meeting dated 30.3.2012 of Academic Council, as per its Agenda circulated vide No. 7771-89 dated 17.6.2012. This is also in compliance with the interim order dated 5.6.2012 of the Hon'ble High Court in CWP No. 11820 of 2012 a copy of which was received on 18.6.2012, the operative part of which is reproduced below:-

> "In the meantime, it would be open to the Syndicate in its wisdom to take a final decision on the proposal of the Academic Council dated 30.3.2012 (P-3) considering all relevant factors including the purpose for which PHC was introduced in 1988 and has stood the test of time."

In this regard, it is also informed that the University has revisited its earlier decision of allowing the various categories of students to opt for Punjab History and Culture subject in place of Punjabi Compulsory, mainly by now realising the mandate of the section 4(3) of the GNDU Act, 1969, casting duty on the University: "to provide Punjabi Studies, to provide for research in Punjabi language and literature and to undertake measures for the development of Punjabi Language, literature and culture". Moreover, the modern scientific approach for co-relating language, culture and history is through the language of the region where the student studies. It is common knowledge that presently in every country whenever a foreign student goes to study there, he is first required to acquire the basic knowledge of the language of the region before proceeding with his studies. Therefore, it is logical that a student who comes to study in this University set up in Punjab for the development of Punjabi language must have the basic knowledge of the subject of Punjabi which is the local language of the Punjabis. Ironically, the replaced subject of 'Punjab History and culture' is since being taught not in Punjabi but in English or Hindi, which does not serve the purpose of acquiring the knowledge of basic Punjabi language. Therefore, it has been thought prudent as matter of academic policy to introduce the subject of "Basic Punjabi" in place of "Punjab History and Culture".

**ਪਾਸ ਹੋਇਆ** ਕਿ-

1) ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੀਆਂ ਉਕਤ ਕ੍ਰਮ ਨੰ: 1 ਤੋਂ 11 ਤੱਕ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

2) ਕ੍ਰਮ ਨੰ: 12 ਸਬੰਧੀ ਕੇਸ 'ਤੇ ਸਾਰੇ ਪੱਖਾਂ ਤੋਂ ਗਹੁ ਨਾਲ ਵਿਚਾਰ ਹੋਈ।

ਸਮੂਹ ਮੈਂਬਰ ਸਾਹਿਬਾਨ ਵੱਲੋਂ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ ਗਏ।

**ਪ੍ਰਿੰਸੀਪਲ ਗੁਰਨਾਮ ਕੌਰ ਬੇਦੀ (ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਦੇ ਪ੍ਰਤੀਨਿਧ)**

ਯੂਨੀਵਰਸਿਟੀ ਵੱਲੋਂ ਲਿਆ ਗਿਆ ਫੈਸਲਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਹ ਬਹੁਤ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ।

**ਪ੍ਰੋਫੈਸਰ ਰਜਿੰਦਰਜੀਤ ਕੌਰ ਪਵਾਰ, ਡੀਨ, ਵਿਦਿਅਕ ਮਾਮਲੇ**

ਇਹ ਬਹੁਤ ਹੀ ਸ਼ਲਾਘਾਯੋਗ ਨਿਰਣਾ ਹੈ। ਪੰਜਾਬ ਵਿਚ ਰਹਿਣ ਲਈ ਪੰਜਾਬੀ ਆਉਣੀ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਪੰਜਾਬ ਤੋ ਬਾਹਰੋਂ ਆਈ ਹੈ ਅਤੇ ਪੰਜਾਬੀ ਇਥੇ ਆ ਕੇ ਸਿੱਖੀ ਹੈ। ਇਹ ਕੋਈ ਔਖਾ ਕੰਮ ਨਹੀਂ ਹੈ।

**ਡਾ. ਜੇ.ਐਸ. ਬੱਲ, ਖਾਲਸਾ ਕਾਲਜ, ਅੰਮ੍ਰਿਤਸਰ**

ਇਹ ਵਾਕਈ ਸ਼ਾਲਘਾਯੋਗ ਫੈਸਲਾ ਹੈ ਅਤੇ ਇਹ ਲਾਗੂ ਹੋਣਾ ਚਾਹੀਦਾ ਹੈ।

**ਪ੍ਰੋਫੈਸਰ ਰਾਧਾ ਸ਼ਰਮਾ, ਇਤਿਹਾਸ ਵਿਭਾਗ**

ਪੰਜਾਬ ਹਿਸਟਰੀ ਐਂਡ ਕਲਚਰ ਦੀ ਥਾਂ ਬੇਸਿਕ ਪੰਜਾਬੀ ਲਾਗੂ ਕਰਨਾ ਸਹੀ ਫੈਸਲਾ ਹੈ। ਪੰਜਾਬ ਹਿਸਟਰੀ ਐਂਡ ਕਲਚਰ ਆਰਡੀਨੈਂਸ ਦੀ ਦੁਰਵਰਤੋਂ ਹੋ ਰਹੀ ਸੀ। ਜਿਹੜੇ ਬੱਚਿਆਂ ਨੇ ਪੰਜਾਬੀ ਪੜ੍ਹੀ ਹੋਈ ਹੈ, ਉਹ ਵੀ ਪੰਜਾਬ ਹਿਸਟਰੀ ਐਂਡ ਕਲਚਰ ਵਿਸ਼ਾ ਆਪਟ ਕਰ ਰਹੇ ਸਨ ਅਤੇ ਇਸ ਉਪਰ ਕੋਈ ਚੈਕ ਨਹੀਂ ਸੀ।

**ਪ੍ਰੋਫੈਸਰ ਰਾਕੇਸ਼ ਮਹਾਜਨ**

ਉਨ੍ਹਾਂ ਨੇ ਪੰਜਾਬ ਹਿਸਟਰੀ ਐਂਡ ਕਲਚਰ ਦੀ ਥਾਂ ਪੰਜਾਬੀ ਲਾਗੂ ਕਰਨ ਲਈ ਲਏ ਗਏ ਫੈਸਲੇ ਦੀ ਪ੍ਰੋੜਤਾ ਕੀਤੀ।

**ਪ੍ਰੋਫੈਸਰ ਪੀ.ਕੇ. ਸਹਿਜਪਾਲ**

ਉਨ੍ਹਾਂ ਨੇ ਵੀ ਉਕਤ ਫੈਸਲਾ ਲਾਗੂ ਕਰਨ ਲਈ ਆਪਣੀ ਸਹਿਮਤੀ ਜਤਾਈ।

**ਡਾ. ਰਜਿੰਦਰ ਕੁਮਾਰ ਮਰਵਾਹਾ, ਮੁਖੀ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ**

ਉਨਾਂ ਕਿਹਾ ਕਿ ਉਹ ਇਸ ਗੱਲ ਨਾਲ ਸਹਿਮਤ ਹਨ ਅਤੇ ਇਹ ਫੈਸਲਾ ਲਾਗੂ ਹੋਣਾ ਹੀ ਚਾਹੀਦਾ ਹੈ।

**ਡਾ. ਵਰਿਆਮ ਸਿੰਘ, ਪ੍ਰਿੰਸੀਪਲ, ਬਾਬਾ ਬੁੱਢਾ ਕਾਲਜ, ਬੀੜ ਸਾਹਿਬ**

ਬੇਸਿਕ ਪੰਜਾਬੀ ਲਾਗੂ ਕਰਕੇ ਯੂਨੀਵਰਸਿਟੀ ਨੇ ਬਹੁਤ ਵਧੀਆ ਫੈਸਲਾ ਲਿਆ ਹੈ।

**ਸ੍ਰੀ ਵਿਨੋਦ ਕੁਮਾਰ ਸ਼ਾਹੀ, ਪ੍ਰਿੰਸੀਪਲ, ਸਰਕਾਰੀ ਕਾਲਜ, ਜੰਡਿਆਲਾ**

ਉਨ੍ਹਾਂ ਇਸ ਫੈਸਲੇ ਦਾ ਸਵਾਗਤ ਕੀਤਾ। ਜਿਹੜੇ ਵੀ ਅਧਿਆਪਕ ਪੰਜਾਬ ਹਿਸਟਰੀ ਐਂਡ ਕਲਚਰ ਪੜ੍ਹਾਉਂਦੇ ਰਹੇ ਹਨ, ਉਹ ਬੇਸਿਕ ਪੰਜਾਬੀ ਪੜ੍ਹਾ ਸਕਦੇ ਹਨ

ਜਾਂ ਹਿਸਟਰੀ ਦਾ ਵਿਸ਼ਾ ਵੀ ਪੜ੍ਹਾ ਸਕਦੇ ਹਨ। ਉਨ੍ਹਾਂ ਨੂੰ ਉਧਰ ਐਡਜਸਟ ਕਰ ਲਿਆ ਜਾਣਾ ਚਾਹੀਦਾ ਹੈ। ਦੂਜੇ ਪੰਜਾਬੀ ਦਾ ਕੋਰਸ ਕੰਟੈਂਟ ਪੰਜਾਬੀ, ਹਿਸਟਰੀ ਜਾਂ ਹੋਰ ਵਿਸ਼ਿਆਂ ਦਾ ਹਿੱਸਾ ਬਣਾ ਕੇ ਪੰਜਾਬ ਹਿਸਟਰੀ ਐਂਡ ਕਲਚਰ ਦੇ ਅਧਿਆਪਕਾਂ ਤੋਂ ਕੰਮ ਲਿਆ ਜਾ ਸਕਦਾ ਹੈ।

**ਡਾ. ਜਸਪਾਲ ਸਿੰਘ ਰੰਧਾਵਾ, ਪ੍ਰਿੰਸੀਪਲ, ਲਾਇਲਪੁਰ ਖਾਲਸਾ ਕਾਲਜ, ਜਲੰਧਰ**

ਬੇਸਿਕ ਪੰਜਾਬੀ ਲਾਗੂ ਕਰਨਾ ਸ਼ਲਾਘਾਯੋਗ ਕਦਮ ਹੈ। ਪੰਜਾਬ ਹਿਸਟਰੀ ਐਂਡ ਕਲਚਰ ਵਿਸ਼ੇ ਦੀ ਦੁਰਵਰਤੋਂ ਹੋ ਰਹੀ ਸੀ। ਨਕਲੀ ਵਰਕਲੋਡ ਬਣਾ ਕੇ ਪੜ੍ਹਾਇਆ ਜਾਂਦਾ ਸੀ। ਬੇਸਿਕ ਪੰਜਾਬੀ ਲਾਗੂ ਹੋਣ ਨਾਲ ਬਾਹਰਲੇ ਵਿਦਿਆਰਥੀ ਇਥੋਂ ਦੇ ਸਭਿਆਚਾਰ, ਭਾਸ਼ਾ ਨਾਲ ਜੁੜਨਗੇ ਅਤੇ ਉਨ੍ਹਾਂ ਨੂੰ ਆਪਣਾਪਨ ਮਹਿਸੂਸ ਹੋਵੇਗਾ। ਸਿੰਡੀਕੇਟ ਵੱਲੋਂ ਅਕਾਦਮਿਕ ਕੌਂਸਲ ਦਾ ਇਹ ਫੈਸਲਾ ਪਰਵਾਨ ਕਰਨਾ ਬਣਦਾ ਹੈ।

**ਡਾ. ਦਿਨੇਸ਼ ਸ਼ਰਮਾ, ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ**

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੰਜਾਬੀ ਹੋਣ ਦਾ ਮਾਣ ਹੈ। ਉਹ ਪਹਿਲੇ ਸਿੰਡੀਕੇਟ ਦੇ ਮੈਂਬਰ ਸਨ ਜਿਨ੍ਹਾਂ ਕਿਹਾ ਸੀ ਕਿ ਮੀਟਿੰਗ ਦੀ ਕਾਰਵਾਈ ਜਪੁਜੀ ਸਾਹਿਬ ਨਾਲ ਸ਼ੁਰੂ ਹੋਣੀ ਚਾਹੀਦੀ ਹੈ। ਪੰਜਾਬ ਹਿਸਟਰੀ ਐਂਡ ਕਲਚਰ ਦੀ ਥਾਂ ਬੇਸਿਕ ਪੰਜਾਬੀ ਲਾਗੂ ਕਰਨਾ ਸ਼ਲਾਘਯੋਗ ਕਦਮ ਹੈ ਪਰ ਜਿਹੜੇ ਵਿਦਿਆਰਥੀ ਇੱਕ ਜਾਂ ਦੋ ਸਾਲ ਲਈ ਬਾਹਰੋਂ ਇਥੇ ਪੜ੍ਹਨ ਲਈ ਆਉਂਦੇ ਹਨ, ਉਨ੍ਹਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਜੇਕਰ ਪੰਜਾਬ ਹਿਸਟਰੀ ਐਂਡ ਕਲਚਰ ਦੇ ਅਧਿਆਦੇਸ਼ਾਂ ਦੀ ਦੁਰਵਰਤੋਂ ਹੁੰਦੀ ਹੈ ਤਾਂ ਇਸ ਤੇ ਚੈਕ ਰੱਖਿਆ ਜਾ ਸਕਦਾ ਹੈ। ਅਜੇ ਵੀ ਇੱਕ ਦੋ ਸਾਲ ਵਾਸਤੇ ਆਪਸ਼ਨ ਦੇਣੀ ਚਾਹੀਦੀ ਹੈ।

**ਸ. ਲਖਬੀਰ ਸਿੰਘ ਲੋਧੀਨੰਗਲ**

ਉਨ੍ਹਾਂ ਵੀ ਪੰਜਾਬ ਹਿਸਟਰੀ ਐਂਡ ਕਲਚਰ ਦੀ ਥਾਂ ਤੇ ਬੇਸਿਕ ਪੰਜਾਬੀ ਪੜਾਏ ਜਾਣ ਬਾਰੇ ਲਏ ਗਏ ਫੈਸਲੇ ਦੀ ਦੂਜੇ ਸਿੰਡੀਕੇਟ ਦੇ ਮੈਂਬਰਾਂ ਦੀ ਤਰ੍ਹਾਂ ਪ੍ਰੋੜਤਾ ਕੀਤੀ।

ਵਿਚਾਰ ਉਪਰੰਤ

ਸਰਵਸੰਮਤੀ ਨਾਲ **ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 30.3.2012 ਦੀ ਮੱਦ (**ਅੰਤਿਕਾ** W ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਇਸ ਨਿਰਣੇ ਨਾਲ ਪ੍ਰਭਾਵਤ ਹੋਣ ਵਾਲੇ ਅੰਡਰ-ਗ੍ਰੈਜੂਏਟ ਕੋਰਸਾਂ ਦੇ ਸਬੰਧਤ ਸਾਰੇ ਅਧਿਆਦੇਸ਼ਾਂ ਦੀ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

The house also unanimously decided to put this view on record that this University under the Statue of its creation has the inherent academic autonomy, authority and discretion to take any academic policy decision, such as the present one, as to what course/ subject is to be continued or discontinued in part or in whole for any class of its students in the larger academic interest and for raising the credence of this University in order to keep pace with the ever advancing academic needs of the region.

It was further Resolved to clarify that no existing student, who had got admission prior to the session 2012-13 and opted for Punjab History & Culture as a subject in any of the undergraduate courses of the University, shall be affected by the present decision of

replacing the subject of Punjab History & Culture with the subject of Basic Punjabi. This decision shall apply prospectively only to the students seeking admission into the first year of the related undergraduate courses from the session 2012-13 onwards.

It was further Resolved that no existing teacher employed in any College affiliated to this University, who is already approved as a teacher in any rank (Assistant Professor/ Associate Professor) by this University for teaching the subject of Punjab History & Culture, shall be affected by the present decision. Such approval of such already approved teachers shall be continued by this University for the teaching of the subject of Basic Punjabi also by their undergoing, at their option, an orientation course to be conducted by this University for this purpose.

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

69. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਨਿਰਮਲਜੀਤ ਕੌਰ | Credibility of B.Ed. Joint Entrance Test in Relation to Intelligence, Teaching Aptitude and Achievement in qualifying Examination and B.Ed. Annual Examination. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |
| 2. | ਗੁਰਜੀਤ ਕੌਰ | Value Patterns of Prospective Secondary School Teachers in Relation to their Personality Traits, Cultural Background and Academic Stream. | - ਉਹੀ - |
| 3. | ਕੁਲਵਿੰਦਰ ਕੁਮਾਰ | A Study of Influence of Additives on Physicochemical Properties of Conventional Surfactants. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 4. | ਮਤਿੰਦਰ ਕੌਰ | Design, Synthesis and Development of Conjugates of Small Organic Molecules as Anticancer Agents and Multidrug Resistance Modulators. | - ਉਹੀ - |
| 5. | ਭਾਸਕਰ ਰੈਡੀ ਪਿਟਾ | Studies Directed Towards the Synthesis of (-) – Diplopyrone and Synthesis of Novel Target Based Anticancer Therapeutics. | - ਉਹੀ - |
| 6. | ਨੀਰਜ ਬਾਲਾ | The Development of Biocatalytic and Organocatalytic Methods for Asymmetric Epoxide Ring Opening Reactions. | - ਉਹੀ - |
| 7. | ਰੁਚੀ ਤੇਜਪਾਲ | Terphenyl Derivatives: Molecular Insights into Ion Sensing and Switching. | - ਉਹੀ - |

| | | | |
|---|---|---|---|
| 8. | ਅਰਪਨਾ ਦੀਪਕ | Negotiating for Power: A Systemic Analysis of Tehmina Durrani's My Feudal Lord And Blasphemy. | ਅੰਗਰੇਜੀ- ਲੈਂਗੁਏਜਿਜ਼ ਫੈਕਲਟੀ। |
| 9. | ਰੇਨੂੰ ਬਾਲਾ | Society and Culture of the Punjab (Late Eighteenth-Early Nineteenth Century) | ਹਿਸਟਰੀ- ਆਰਟਸ ਤੇ ਸੋਸ਼ਲ ਸ਼ਾਇੰਸਜ਼ ਫੈਕਲਟੀ। |
| 10. | ਕਿਰਨਜੀਤ ਸੰਧੂ | The Udasis in the Colonial Punjab (1849 AD-1947 AD) | - ਉਹੀ - |
| 11. | ਪੁਸ਼ਪਿੰਦਰ ਕੁਮਾਰੀ | Peasantry and Politics after the Green Revolution in Punjab. | - ਉਹੀ - |
| 12. | ਰਜਿੰਦਰ ਸਿੰਘ | Optimized Access Strategies for a Distributed Database Design. | ਕੰਪਿਊਟਰ ਸਾਇੰਸ- ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 13. | ਸੀਮਾ ਖੰਨਾ | Growth and Performance of ICT Sector in the Emerging Knowledge Economy of India: Problems and Challenges. | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 14. | ਰਜਿੰਦਰ ਕੌਰ | ਪੰਜਾਬੀ ਕਾਵਿ-ਨਾਟ: ਇਤਿਹਾਸਕ ਪਰਿਪੇਖ 1980 ਤੋਂ 2007 ਤੱਕ | ਪੰਜਾਬੀ- ਲੈਂਗੁਏਜਿਜ਼ ਫੈਕਲਟੀ। |
| 15. | ਕਮਲਜੀਤ ਕੌਰ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੁਗਾਂ ਦਾ ਸੰਕਲਪ | - ਉਹੀ - |
| 16. | ਭੁਪਿੰਦਰ ਸਿੰਘ | Environmental Radioactivity Studies in Some Areas of Northern Punjab (India) for Health Risk Assessment. | ਫਿਜ਼ਿਕਸ- ਸਾਇੰਸਜ਼ ਫੈਕਲਟੀ। |
| 17. | ਰੋਹਿਤ ਸ਼ਰਮਾ | Toxicity Evaluation of a Novel Anticancer Formulation of Withania somnifera (L.) Dunal. | ਬਾਇਓ-ਟੈਕਨਾਲੋਜੀ- ਲਾਇਫ ਸਾਇੰਸਜ਼ ਫੈਕਲਟੀ। |
| 18. | ਅਰਪਿਤਾ ਸਕਸੈਨਾ | Anticancer Potential of Spiro-Isoxazolidine Derivatives of Parthenin. | - ਉਹੀ - |
| 19. | ਸੇਵਾ ਸਿੰਘ | A Critical Study of Various Phases of Thematic Changes in Punjabi Cinema Since its Inception. | ਜਰਨਲਿਜ਼ਮ ਅਤੇ ਮਾਸ ਕਮਿਊਨਿਕੇਸ਼ਨ- ਆਰਟਸ ਅਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 20. | ਨਵਦੀਪ ਸਿੰਘ | Integrated Nutrient Mangement in Cauliflower (Brassica oleracea var. botrytis) and cabbage (Brassica oleracea var. capitata). | ਹੋਰਟੀਕਲਚਰ- ਐਗਰੀਕਲਚਰ ਅਤੇ ਫੋਰੈਸਟਰੀ ਫੈਕਲਟੀ। |
| 21. | ਰਸ਼ਮੀ ਸਰਮਾ | Intertextuality in Hindi Novels: Theory and Application (In the context of selected Novels from 1990-2005). | ਹਿੰਦੀ- ਲੈਂਗੁਏਜ਼ਿਜ਼ ਫੈਕਲਟੀ। |
| 22. | ਮੀਨੂੰ | Rural Microfinancing in Punjab: Banking Sector Interventions and Customers Perceptions. | ਕਾਮਰਸ- ਇਕਨਾਮਿਕਸ ਅਤੇ ਬਿਜ਼ਨੈਸ ਫੈਕਲਟੀ। |

ਉਪ-ਕੁਲਪਤੀ ਸਾਹਿਬ ਦਾ ਬਿਆਨ।

70. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦਸਿਆ ਕਿ:-

1. ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਲਈ ਯੂ.ਜੀ.ਸੀ. ਵੱਲੋਂ 12,08,39,475/- ਰੁਪਏ (Rs. Twelve Crores eight lakhs thirty nine thousands four hundred seventy five) ਰੁਪਏ ਪ੍ਰਵਾਨ ਕੀਤੇ ਗਏ ਹਨ।

2. ਭਾਰਤ ਸਰਕਾਰ ਦੇ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਵੱਲੋਂ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਨੂੰ ਸੈਂਟਰਲ ਐਡਵਾਈਜ਼ਰੀ ਬੋਰਡ ਆਫ ਐਜੂਕੇਸ਼ਨ (ਕੈਬ) ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਸੈਂਟਰਲ ਐਡਵਾਈਜ਼ਰੀ ਬੋਰਡ ਆਫ ਐਜੂਕੇਸ਼ਨ ਪੂਰੇ ਭਾਰਤ ਵਿਚ ਸਿਖਿਆ ਦੇ ਖੇਤਰ ਵਿਚ ਇਕ ਉੱਚ ਸਲਾਹਕਾਰ ਸੰਸਥਾ ਵਜੋਂ ਜਾਣੀ ਜਾਂਦੀ ਹੈ।

3. ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਇੰਡੋ-ਆਸਟਰੇਲੀਆ ਯੂਨੀਵਰਸਿਟੀ ਸ਼ੈਡੋਇੰਗ ਪ੍ਰੋਗਰਾਮ ਵਿਚ ਸ਼ਮਿਲ ਹੋਏ। ਪ੍ਰੋਫੈਸਰ ਬਰਾੜ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਨਾਮਜ਼ਦ ਪੰਜ ਉਪ-ਕੁਲਪਤੀ ਵਿਚੋਂ ਇਕ ਸਨ। ਇਸ ਪ੍ਰੋਗਰਾਮ ਦਾ ਉਦੇਸ਼ ਭਾਰਤ ਤੇ ਆਸਟਰੇਲੀਆ ਦੀ ਉਚੇਰੀ ਸਿੱਖਿਆ ਬਾਰੇ ਜਾਣਕਾਰੀ ਹਾਸਲ ਕਰਨਾ ਅਤੇ ਆਪਸੀ ਤਾਲਮੇਲ ਦੀਆਂ ਸੰਭਾਵਨਾਵਾਂ ਤਲਾਸ਼ਣਾ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਜਲਦ ਹੀ ਆਸਟਰੇਲੀਆ ਦੀਆਂ ਯੂਨੀਵਰਸਿਟੀਆਂ ਨਾਲ ਵਿੱਦਿਆ ਅਤੇ ਖੋਜ ਦੇ ਖੇਤਰ ਵਿਚ ਕੁੱਝ ਸਮਝੌਤੇ ਕਰੇਗੀ।

4. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਯੂਨੀਵਰਸਿਟੀ ਵਿਖੇ 20 ਮਾਰਚ ਤੋਂ 12 ਜੂਨ ਦੇ ਸਮੇਂ ਦੌਰਾਨ ਬੈਚ 2012 ਦੇ ਵਿਦਿਆਰਥੀਆਂ ਦੀ ਪਲੇਸਮੈਂਟ ਹਿੱਤ ਵੱਖ-ਵੱਖ ਕੰਪਨੀਆਂ ਦੁਆਰਾ ਕੈਂਪਸ ਪਲੇਸਮੈਂਟ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਕੰਪਨੀਆਂ ਵੱਲੋਂ 63 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਹੋਈ ਹੈ। ਵਰਣਨਯੋਗ ਹੈ ਕਿ ਹੁਣ ਤੱਕ ਬੈਚ 2012 ਦੇ ਕੁੱਲ 604 ਵਿਦਿਆਰਥੀਆਂ ਦੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕੰਪਨੀਆਂ ਵਿਚ ਪਲੇਸਮੈਂਟ ਹੋ ਚੁੱਕੀ ਹੈ।

5. (i) ਯੂਨੀਵਰਸਿਟੀ ਦੀ ਵਿਦਿਆਰਥਣ ਰੁਕਮਨੀ ਰਿਆੜ ਨੇ ਆਲ ਇੰਡੀਆ ਸਿਵਲ ਸਰਵਿਸਿਜ਼ ਪ੍ਰੀਖਿਆ-2011 ਵਿਚ ਦੂਜਾ ਰੈਂਕ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਰਿਜਨਲ ਕੈਂਪਸ, ਜਲੰਧਰ ਦੇ ਕਾਨੂੰਨ ਵਿਭਾਗ ਦੇ 18 ਵਿਦਿਆਰਥੀਆਂ ਨੇ PCS (Judicial) ਦੀ ਪ੍ਰੀਖਿਆ ਵਿਚ ਸਫਲਤਾ ਹਾਸਲ ਕੀਤੀ ਹੈ।

(ii) ਯੂਨੀਵਰਸਿਟੀ ਦੇ ਸਕੂਲ ਆਫ ਸੋਸ਼ਲ ਸਾਇੰਸਜ਼ ਦੇ ਤਿੰਨ ਵਿਦਿਆਰਥੀਆਂ ਨੇ PCS (Executive) Examination-2011 ਆਪਣੀ ਪਹਿਲੀ ਵਾਰ ਵਿਚ ਹੀ ਪਾਸ ਕੀਤੀ ਹੈ।

(iii) ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਛੇ ਵਿਦਿਆਰਥੀ ਪੀ.ਸੀ.ਐਸ. ਅਫਸਰ ਵਜੋਂ ਚੁਣੇ ਗਏ ਹਨ।

6. ਭਾਰਤ ਸਰਕਾਰ ਦੇ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਵੱਲੋਂ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਗੁਰਸ਼ਰਨਜੀਤ ਸਿੰਘ ਨੂੰ ਭਾਰਤੀ ਧਰਮਾਂ ਦਾ ਕੋਸ਼ ਤਿਆਰ ਕਰਨ ਲਈ 6.32 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ।

7. ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਮੁਖੀ ਡਾ. ਰਤਨ ਸਿੰਘ ਨੂੰ ਪੰਜਾਬ ਦੇ ਸੰਦਰਭ ਵਿਚ ਸਿੱਖਿਆ ਦਾ ਅਧਿਕਾਰ: ਸਰਕਾਰੀ ਨੀਤੀਆਂ ਅਤੇ ਊਣਤਾਈਆਂ ਸਬੰਧੀ ਖੋਜ

ਕਰਨ ਲਈ ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਨਵੀਂ ਦਿੱਲੀ ਵੱਲੋਂ 4.94 ਲੱਖ ਰੁਪਏ ਦਾ ਖੋਜ ਪ੍ਰੋਜੈਕਟ ਪ੍ਰਾਪਤ ਹੋਇਆ ਹੈ।

8. ਆਲ ਇੰਡੀਆ ਇੰਜੀਨੀਅਰਿੰਗ ਐਂਟਰੈਂਸ ਟੈਸਟ-2012 ਵਿਚ ਪ੍ਰੋਗਰੈਸਿਵ ਐਜੂਕੇਸ਼ਨਲ ਸੁਸਾਇਟੀ ਦੇ ਚਲ ਰਹੇ ਪ੍ਰੋਜੈਕਟ ਅਧੀਨ +2 ਦੇ ਪਹਿਲੇ ਬੈਚ ਦੇ ਵਿਦਿਆਰਥੀਆਂ ਨੇ ਮੈਰਿਟ ਵਿਚ ਉਚੇਰੇ ਰੈਂਕ ਪ੍ਰਾਪਤ ਕਰਕੇ ਬਹੁਤ ਵਧੀਆ ਕਾਰਗੁਜ਼ਾਰੀ ਦਾ ਮੁਜ਼ਾਹਰਾ ਕੀਤਾ ਹੈ। ਇਹ ਪ੍ਰੋਜੈਕਟ ਪੰਜਾਬ ਸਰਕਾਰ ਦੇ ਸਹਿਯੋਗ ਨਾਲ 2010 ਵਿਚ ਖਾਲਸਾ ਕਾਲਜ ਪਬਲਿਕ ਸਕੂਲ, ਅੰਮ੍ਰਿਤਸਰ ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਇਸ ਸੁਸਾਇਟੀ ਦੇ ਚੇਅਰਮੈਨ ਹਨ। ਵਿਦਿਆਰਥੀਆਂ ਨੇ CBSE ਦੇ +2 ਦੇ ਨਤੀਜੇ ਵਿਚ ਵੀ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ।

9. ਯੂਨੀਵਰਸਿਟੀ ਦੇ ਬੁਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ ਪੰਜਾਬ ਬਾਇਓ ਡਾਇਵਰਸਿਟੀ ਬੋਰਡ ਦੇ ਸਹਿਯੋਗ ਨਾਲ 22 ਮਈ ਨੂੰ ਅੰਤਰ-ਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਮਨਾਇਆ ਗਿਆ।

10. ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵੱਲੋਂ 10 ਅਪ੍ਰੈਲ ਨੂੰ ਐਨ.ਐਸ.ਐਸ. ਯੂਨਿਟ-2 ਦੇ ਪ੍ਰੋਫੈਸਰ ਅਤੇ ਪ੍ਰੋਗਰਾਮ ਅਫਸਰ ਡਾ. ਜਸਪਾਲ ਸਿੰਘ; ਅਤੇ ਯੂਨਿਟ-1 ਦੇ ਪ੍ਰੋਗਰਾਮ ਅਫਸਰ ਡਾ. ਬਿਮਲਦੀਪ ਸਿੰਘ ਦੀ ਨਿਗਰਾਨੀ ਹੇਠ ਖੂਨਦਾਨ ਤੇ ਬਲੱਡ ਗਰੁੱਪ ਟੇਸਟਿੰਗ ਕੈਂਪ ਲਗਾਇਆ ਗਿਆ।

11. ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵੱਲੋਂ ਮਿਤੀ 2.5.2012 ਤੋਂ 29.5.2012 ਤੱਕ ਜਨਰਲ ਓਰੀਐਂਟੇਸ਼ਨ ਕੋਰਸ-88 ਅਤੇ ਮਿਤੀ 7.6.2012 ਤੋਂ 4.7.2012 ਤੱਕ ਜਨਰਲ ਓਰੀਐਂਟੇਸ਼ਨ ਕੋਰਸ-89 ਆਯੋਜਿਤ ਕੀਤੇ ਗਏ।

12. ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਯੂਨੀਵਰਸਿਟੀ ਸਟੂਡੈਂਟਸ ਹੋਲੀਡੇ ਹੋਮ, ਡਲਹੌਜੀ ਵਿਖੇ ਹੇਠ ਲਿਖੇ ਅਨੁਸਾਰ ਪੰਜ ਕੈਂਪ ਆਯੋਜਿਤ ਕੀਤੇ ਗਏ:

| | |
|---|---|
| (ੳ) ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ (ਲੜਕੀਆਂ) | 7.5.2012 ਤੋਂ 13.5.2012 ਤੱਕ |
| (ਅ) ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ (ਲੜਕੇ) | 17.5.2012 ਤੋਂ 23.5.2012 ਤੱਕ |
| (ੲ) ਹਾਈਕਿੰਗ ਟਰੈਕਿੰਗ ਕੈਂਪ (ਲੜਕੀਆਂ) | 28.5.2012 ਤੋਂ 3.6.2012 ਤੱਕ |
| (ਸ) ਹਾਈਕਿੰਗ ਟਰੈਕਿੰਗ ਕੈਂਪ (ਲੜਕੇ) | 7.6.2012 ਤੋਂ 13.6.2012 ਤੱਕ |
| (ਹ) ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ (ਲੜਕੀਆਂ) | 17.6.2012 ਤੋਂ 23.6.2012 ਤੱਕ |

13. ਉਪ-ਕੁਲਪਤੀ ਸਾਹਿਬ ਨੇ ਪ੍ਰੋਫੈਸਰ ਇੰਚਾਰਜ਼ ਡਾ. ਰਾਕੇਸ਼ ਮਹਾਜਨ ਦੀ ਅਗਵਾਈ ਵਿਚ ਯੂਨੀਵਰਸਿਟੀ ਦੀਆਂ ਵੱਖ-ਵੱਖ ਪ੍ਰੀਖਿਆਵਾਂ ਦੇ ਨਤੀਜੇ ਸਮੇਂ ਸਿਰ ਘੋਸ਼ਿਤ ਕਰਨ ਦੀ ਪ੍ਰਸ਼ੰਸਾ ਕੀਤੀ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

71. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਵਿੱਤ ਕਮੇਟੀ ਦੀਆਂ ਮਿਤੀ 18.6.2012 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

72. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿੱਤ ਕਮੇਟੀ ਦੀਆਂ ਮਿਤੀ 18.6.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਉਪ-ਕੁਲਪਤੀ ਸਾਹਿਬ ਨੂੰ ਵਿਦੇਸ਼ ਵਿਖੇ ਜਾਣ ਦੀ ਆਗਿਆ ਬਾਰੇ ਸੂਚਨਾ ਨੋਟ ਕੀਤੀ ਗਈ।**

73. ਸਿੰਡੀਕੇਟ ਨੇ ਨੋਟ ਕੀਤਾ ਕਿ ਕਿ ਮਾਣਯੋਗ ਗਵਰਨਰ ਪੰਜਾਬ (ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਨੇ ਆਪਣੇ ਪੱਤਰ ਨੰ: 5/6/2009-GNDU-2G-PRB/3305 ਮਿਤੀ 24.5.2012 ਰਾਹੀਂ ਇਸ ਯੂਨੀਵਰਸਿਟੀ ਦੇ ਉਪ-ਕੁਲਪਤੀ ਸਾਹਿਬ ਪ੍ਰੋਫੈਸਰ ਅ.ਸ. ਬਰਾੜ ਨੂੰ ਆਸਟ੍ਰੇਲੀਆ ਵਿਖੇ ਵਾਈਸ-ਚਾਂਸਲਰਾਂ ਦੇ ਡੈਲੀਗੇਸ਼ਨ ਵਜੋਂ ਮਿਤੀ 18.5.2012 ਤੋਂ 1.6.2012 ਤੱਕ ਹੋਈ Shadowing Pilot Programme-2012 ਵਿਚ ਭਾਗ ਲੈਣ ਦੀ ਆਗਿਆ ਦਿੱਤੀ ਹੈ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।**

74. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕ ਨੂੰ, ਉਸ ਅੱਗੇ ਦਰਸਾਏ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਸਾਲ 2012-13 ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਸੰਦੀਪ ਸ਼ਰਮਾ, ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ | International Conference on "Parallel & Distributed Processing Techniques & Applications (PDPTA'12)" to be held in Las Vegas, Nevada, USA from 16th-19th July, 2012. |

**ਸ. ਮਹਿੰਦਰ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ ਦੀ ਕੰਟ੍ਰੈਕਟ ਨਿਯੁਕਤੀ ਵਿਚ ਵਾਧੇ ਦੀ ਪਰਵਾਨਗੀ।**

75. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਮਹਿੰਦਰ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ (ਉਪ-ਕੁਲਪਤੀ ਦਫਤਰ), ਜੋ ਸਕੱਤਰ-ਉਪ-ਕੁਲਪਤੀ ਦੀਆਂ ਡਿਊਟੀਆਂ ਵੀ ਨਿਭਾ ਰਹੇ ਹਨ, ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 15.7.2012 ਤੋਂ 14.7.2013 ਤੱਕ, ਇਕ ਸਾਲ ਲਈ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਜਾਂਦਾ ਹੈ।

**ਡਾ. ਸੁਭੀਤ ਕੁਮਾਰ ਜੈਨ, ਐਸੋਸੀਏਟ ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।**

76. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੀ ਮਿਤੀ 30.6.2012 ਤੋਂ 15.7.2012 ਤੱਕ ਛੁੱਟੀ ਦੌਰਾਨ ਡਾ. ਸੁਭੀਤ ਕੁਮਾਰ ਜੈਨ, ਐਸੋਸੀਏਟ ਪ੍ਰੋਫੈਸਰ ਨੂੰ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

**ਡਾ. ਰਜਨੀ ਵਰਮਾ, ਰੀਡਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਵੱਲੋਂ ਪੇਪਰਾ ਦੇ ਮੁਲਾਂਕਣ ਤੋਂ ਇਨਕਾਰ ਕਰਨ ਕਰਕੇ ਅਗਲੇਰੀ ਕਾਰਵਾਈ ਕਰਨ ਸਬੰਧੀ।**

77. ਡਾ. ਰਜਨੀ ਵਰਮਾ, ਰੀਡਰ, ਕਾਨੂੰਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ, ਜਲੰਧਰ, ਜਿਸ ਨੂੰ ਮਿਸਿਜ਼ ਸੁਮਨ ਅਗਨੀਹੋਤਰੀ, ਨੂੰ ਐਲ.ਐਲ.ਐਮ. ਸਮੈਸਟਰ ਦੂਜਾ ਵਿਚ ਰੈਗੂਲਰ ਦਾਖਲਾ ਦੇਣ ਉਪਰੰਤ ਉਸ (ਡਾ. ਰਜਨੀ ਵਰਮਾ) ਵੱਲੋਂ ਯੂਨੀਵਰਸਿਟੀ ਨਿਯਮਾਂ ਵਿਰੁੱਧ ਉਕਤ ਵਿਦਿਆਰਥਣ ਦਾ ਨਾਮ ਰਜਿਸਟਰ ਵਿੱਚੋਂ ਕਟੱਣ ਕਰਕੇ ਸਿੰਡੀਕੇਟ ਦੀ ਇੱਕਤਰਤਾ ਮਿਤੀ 26.6.2008 ਦੇ ਪੈਰਾ 13 ਰਾਹੀਂ ਮੁਅਤੱਲ ਕਰਨ, ਚਾਰਜਸ਼ੀਟ ਜਾਰੀ ਕਰਨ ਅਤੇ full dress Enquiry ਕਰਨ ਦਾ ਨਿਰਣਾ ਲੈਣ ਉਪਰੰਤ ਸਿੰਡੀਕੇਟ ਦੀ ਇੱਕਤਰਤਾ ਮਿਤੀ 11.3.2011 ਰਾਹੀਂ ਸੇਵਾ ਤੇ ਬਹਾਲ (re-instate) ਕੀਤਾ ਗਿਆ, ਵੱਲੋਂ LL.B. Ist Semester (Hons.) (TYC) Law of Torts Minor-I, Minor-II & Major, LL.M. Ist Semster (Hons.) Research Methodology Minor-I, Minor-II & Major ਪ੍ਰੀਖਿਆ ਦੇ ਪੇਪਰ ਦਾ ਮੁਲਾਂਕਣ ਕਰਨ ਤੋਂ ਇਨਕਾਰ ਕਰਨ ਕਰਕੇ ਅਗਲੇਰੀ ਕਾਰਵਾਈ ਕਰਨ 'ਤੇ ਵਿਚਾਰ ਹੋਈ, ਕਿਉਂਜੋ ਉਸ ਵੱਲੋਂ ਅਧਿਆਪਕਾਂ ਲਈ Code of Professional Ethics ਦੀ ਉਲੰਘਣਾ ਕੀਤੀ ਗਈ ਹੈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ1:- ਸਿੰਡੀਕੇਟ ਦੀ ਇੱਕਤਰਤਾ ਮਿਤੀ 11.3.2011 ਦੇ ਪੈਰਾ 1 ਰਾਹੀਂ ਲਿਆ ਨਿਰਣਾ **ਅੰਤਿਕਾ-I** ਅਨੁਸਾਰ ਹੈ।

ਨੋਟ2:- ਕੇਸ ਦੇ ਵਿਸਥਾਰ ਸਬੰਧੀ ਦਫਤਰੀ ਨੋਟ **ਅੰਤਿਕਾ-II** ਅਨੁਸਾਰ ਹੈ।

ਨੋਟ3:- Code of Professional Ethics 17.0 ਹੇਠ ਲਿਖੇ ਅਨੁਸਾਰ ਹੈ:-

1. Teachers and their responsibilities:-
   Teachers should:
   (vi) Perform their duties in the form of teaching/tutorial, practical, seminar and research work conscientiously and with dedication.

   (viii) Co-operate and assist in carrying out functions relating to the educational responsibilities of the college and the university such as..."including supervision, invigilation and evaluation".

ਕੇਸ 'ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

ਸਰਵਸੰਮਤੀ ਨਾਲ **ਪਾਸ ਹੋਇਆ** ਕਿ ਡਾ. ਰਜਨੀ ਵਰਮਾ, ਰੀਡਰ, ਕਾਨੂੰਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ, ਜਲੰਧਰ ਵੱਲੋਂ LL.B. Ist Semester (Hons.) (TYC) Law of Torts Minor-I, Minor-II & Major, LL.M. Ist Semster (Hons.) Research Methodology Minor-I, Minor-II & Major ਪ੍ਰੀਖਿਆ ਦੇ ਪੇਪਰ ਦਾ ਮੁਲਾਂਕਣ ਕਰਨ ਤੋਂ ਇਨਕਾਰ ਕਰਨ ਕਰਕੇ ਅਧਿਆਪਕਾਂ ਲਈ Code of Professional Ethics ਦੀ ਉਲੰਘਣਾ ਕਰਨ ਅਤੇ ਡਿਊਟੀ ਵਿਚ ਅਣਗਹਿਲੀ ਵਰਤਣ (dereliction of Duty) ਕਾਰਣ ਉਸ (ਡਾ. ਰਜਨੀ ਵਰਮਾ) ਨੂੰ ਯੂਨੀਵਰਸਿਟੀ ਸੇਵਾ ਤੋਂ ਮੁਅਤੱਲ (Suspend) ਕੀਤਾ ਜਾਂਦਾ ਹੈ।

ਇਹ ਵੀ **ਪਾਸ ਹੋਇਆ** ਕਿ ਉਸ (ਡਾ. ਰਜਨੀ ਵਰਮਾ) ਨੂੰ ਉਕਤ ਸਬੰਧੀ ਚਾਰਜਸ਼ੀਟ ਜਾਰੀ ਕੀਤੀ ਜਾਵੇ ਅਤੇ ਉਸ (ਡਾ. ਰਜਨੀ ਵਰਮਾ) ਵਿਰੁੱਧ

Regular Enquiry ਕੀਤੀ ਜਾਵੇ। ਪੜਤਾਲ ਕਰਨ ਲਈ ਪੜਤਾਲੀਆ ਅਫਸਰ ਦੀ ਨਿਯੁਕਤੀ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਵਿਖੇ ਨਵੇਂ ਵਿਸ਼ੇ/ਕੋਰਸ/ਕਲਾਸਾਂ ਸ਼ੁਰੂ ਕਰਨ ਦੀ ਪੁਸ਼ਟੀ।

78. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਵਿਖੇ ਸੈਸ਼ਨ 2012-13 ਤੋਂ ਹੇਠ ਲਿਖੇ ਨਵੇਂ ਵਿਸ਼ੇ/ਕੋਰਸ/ਕਲਾਸਾਂ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਹੈ:-

1. Mathematics as an elective subject in all graduate streams.
2. Economics as an elective subject in all graduate streams.
3. Sociology as an elective subject in Arts stream.
4. B.Sc. (Economics).
5. Diploma in Computer Application.

4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ।

79. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/06-5 ਪੀ.ਪੀ.1/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/06-5 ਪੀ.ਪੀ.1/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀ ਨੂੰ ਉਸ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ ਉਪਰੰਤ | ਜਿਸ ਮਿਤੀ ਤੋਂ ਦੇਣੀ ਹੈ | ਬਣਦੀ ਬੇਸਿਕ ਤਨਖਾਹ | ਦਿੱਤਾ ਜਾਣ ਵਾਲਾ ਸਕੇਲ/ਗ੍ਰੇਡ ਪੇਅ |
|---|---|---|---|---|---|
| 1. | ਸ. ਤੇਜਿੰਦਰ ਸਿੰਘ, ਨਿਗਰਾਨ | 4 ਸਾਲਾ | 9.4.2012 | 28680 | 15600-39100+5400 GP |

**LL.B. (TYC) Annual System ਅਤੇ LL.B. (FYIC) Annual System ਦੇ ਅਧਿਆਦੇਸ਼ ਕੈਲੰਡਰ ਵਿਚੋਂ Delete ਕਰਨ ਦੀ ਪਰਵਾਨਗੀ।**

80. ਯੂਨੀਵਰਸਿਟੀ ਕੈਲੰਡਰ 2008, ਜਿਲਦ ਤੀਜੀ ਦੇ ਪੰਨਾ ਨੰ: 152-157 ਉੱਤੇ LL.B. (TYC) Annual System ਅਤੇ ਪੰਨਾ ਨੰ: 165-171 ਉੱਤੇ ਦਰਜ LL.B. (FYIC) Annual System ਦੇ ਅਧਿਆਦੇਸ਼ Delete ਕਰਨ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2008, ਜਿਲਦ ਤੀਜੀ ਦੇ ਪੰਨਾ ਨੰ: 152-157 ਉੱਤੇ LL.B. (TYC) Annual System ਅਤੇ ਪੰਨਾ ਨੰ: 165-171 ਉੱਤੇ ਦਰਜ LL.B. (FYIC) Annual System ਦੇ ਅਧਿਆਦੇਸ਼ Delete ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਕਿਉਂਜੋ ਉਕਤ ਦੋਵੇਂ ਕੋਰਸਾਂ ਦਾ ਦਾਖਲਾ ਸੈਸ਼ਨ 2009-10 ਤੋਂ ਬੰਦ ਹੋ ਗਿਆ ਹੈ ਅਤੇ ਇਸ ਦੀ ਜਗ੍ਹਾ ਸਮੈਸਟਰ ਸਿਸਟਮ ਅਧੀਨ ਦਾਖਲਾ ਹੋ ਰਿਹਾ ਹੈ, ਪ੍ਰੰਤੂ ਸੈਸ਼ਨ 2009-10 ਤੋਂ ਪਹਿਲਾਂ ਦਾਖਲ ਹੋਏ ਵਿਦਿਆਰਥੀਆਂ ਤੇ ਪਹਿਲਾਂ ਵਾਲੇ ਨਿਯਮ ਹੀ ਲਾਗੂ ਹੋਣਗੇ।

ਸ੍ਰੀ ਇੰਦਰਪਾਲ ਸਿੰਘ, ਕਲਰਕ-ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ ਦੀ ਤਨਖਾਹ ਵਿਚ ਵਾਧੇ ਦੀ ਪਰਵਾਨਗੀ।

81. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਵਿਖੇ ਮਿਤੀ 2.5.2008 ਤੋਂ ਕੰਟ੍ਰੈਕਟ ਅਧਾਰ ਤੇ ਨਿਯੁਕਤ ਸ੍ਰੀ ਇੰਦਰਪਾਲ ਸਿੰਘ, ਕਲਰਕ-ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ ਦੀ ਤਨਖਾਹ 7000/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 10000/- ਰੁਪਏ ਪ੍ਰਤੀ ਮਹੀਨਾ ਕੀਤੀ ਜਾਂਦੀ ਹੈ।

ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੇ ਨਕਾਰਾ ਅਤੇ ਨਾ-ਵਰਤੋਂਯੋਗ ਕੰਪਿਊਟਰ ਅਤੇ Peripherals ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

82. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 22,29,085/- ਰੁਪਏ ਅਤੇ 26247 ਅਮਰੀਕਨ ਡਾਲਰ ਕੀਮਤ ਦੇ ਕੰਪਿਊਟਰ ਅਤੇ Peripherals, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 23.5.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਸਹਾਇਕ ਰਜਿਸਟਰਾਰ (ਸਿੱਧੀ ਭਰਤੀ) ਦੀ ਅਸਾਮੀ ਲਈ ਯੋਗਤਾਵਾਂ/ਤਜ਼ਰਬਾ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

83. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਸਹਾਇਕ ਰਜਿਸਟਰਾਰ (ਸਿੱਧੀ ਭਰਤੀ) ਦੀ ਅਸਾਮੀ ਲਈ ਯੋਗਤਾਵਾਂ/ ਤਜ਼ਰਬਾ ਨਿਰਧਾਰਤ ਕਰਨ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 15.6.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਮਾਸਟਰ ਇਨ ਮਲਟੀਮੀਡੀਆ, ਮਾਸਟਰ ਇਨ ਇੰਟੀਰੀਅਰ ਡਿਜ਼ਾਇਨ ਅਤੇ ਮਾਸਟਰ ਇਨ ਪਰਫਾਰਮਿੰਗ ਆਰਟਸ ਦੀ ਯੋਗਤਾ ਸ਼ਰਤ ਦੀ ਪਰਵਾਨਗੀ।

84. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਲਈ ਮਾਸਟਰ ਇਨ ਮਲਟੀਮੀਡੀਆ, ਮਾਸਟਰ ਇਨ ਇੰਟੀਰੀਅਰ ਡਿਜ਼ਾਇਨ ਅਤੇ ਮਾਸਟਰ ਇਨ ਪਰਫਾਰਮਿੰਗ ਆਰਟਸ ਦੀ ਯੋਗਤਾ ਸ਼ਰਤ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।

ਸ੍ਰੀਮਤੀ ਰੋਹਿਨੀ ਸ਼ਰਮਾ, ਪ੍ਰੋਗਰਾਮਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ, ਜਲੰਧਰ ਦੀ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ।

85. (ੳ) ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 47 ਤੇ ਅਧਿਆਦੇਸ਼ 63.2 ਅਨੁਸਾਰ ਸ੍ਰੀਮਤੀ ਰੋਹਿਨੀ ਸ਼ਰਮਾ, ਪ੍ਰੋਗਰਾਮਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ, ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਅਸਿਸਟੈਂਟ ਪ੍ਰੋਫੈਸਰ ਵਜੋਂ ਜਾਇਨ ਕਰਨ ਹਿਤ ਮਿਤੀ 15.9.2011 ਤੋਂ 14.9.2012 ਤੱਕ ਬਿਨ੍ਹਾਂ ਤਨਖਾਹ ਛੁੱਟੀ ਪਰਵਾਨ ਕੀਤੀ ਹੈ।

(ਅ) ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਕਤ (ੳ) ਅਧੀਨ ਸ੍ਰੀਮਤੀ ਰੋਹਿਨੀ ਸ਼ਰਮਾ,

ਪ੍ਰੋਗਰਾਮਰ ਦੀ ਬਿਨ੍ਹਾਂ ਤਨਖਾਹ ਛੁੱਟੀ ਵਿਚ ਮਿਤੀ 15.9.2012 ਤੋਂ ਤਿੰਨ ਮਹੀਨੇ ਲਈ ਵਾਧਾ ਕੀਤਾ ਜਾਂਦਾ ਹੈ।

ਇੰਜੀਨੀਅਰਿੰਗ ਵਿਭਾਗ ਵਿਖੇ ਕਾਰਜਕਾਰੀ ਇੰਜੀਨੀਅਰ ਅਤੇ ਸਹਾਇਕ ਇੰਜੀਨੀਅਰ ਦੀ ਤਰੱਕੀ ਦੇ ਨਿਯਮਾਂ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

86. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇੰਜੀਨੀਅਰਿੰਗ ਵਿਭਾਗ ਵਿਖੇ ਕਾਰਜਕਾਰੀ ਇੰਜੀਨੀਅਰ ਅਤੇ ਸਹਾਇਕ ਇੰਜੀਨੀਅਰ ਦੀ ਤਰੱਕੀ ਸਬੰਧੀ ਨਿਯਮਾਂ ਤੇ ਵਿਚਾਰ ਹਿਤ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 18.6.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਡਾ. ਗੀਤਾ ਹੁੰਦਲ, ਪ੍ਰੋਫੈਸਰ, ਕੈਮਿਸਟਰੀ ਦੀ ਸਬੈਟੀਕਲ ਛੁੱਟੀ ਰੱਦ ਕਰਕੇ ਡਿਊਟੀ ਤੇ ਹਾਜਰ ਹੋਣ ਦੀ ਪੁਸ਼ਟੀ।

87. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਨਾਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਗੀਤਾ ਹੁੰਦਲ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਮਿਤੀ 4.6.2012 ਤੋਂ 14.6.2012 ਤੱਕ ਸਬੈਟੀਕਲ ਛੁੱਟੀ ਰੱਦ ਕਰਦਿਆਂ ਉਨ੍ਹਾਂ ਨੂੰ ਮਿਤੀ 4.6.2012 ਤੋਂ ਡਿਊਟੀ 'ਤੇ ਹਾਜਰ ਹੋਣ ਦੀ ਆਗਿਆ ਦਿੱਤੀ ਹੈ।

ਡਾ. ਓਮ ਪ੍ਰਕਾਸ਼, ਪ੍ਰੋਫੈਸਰ, ਗਣਿਤ ਵਿਭਾਗ ਦੀ ਸਬੈਟੀਕਲ ਛੁੱਟੀ ਦੀ ਪਰਵਾਨਗੀ।

88. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਓਮ ਪ੍ਰਕਾਸ਼, ਪ੍ਰੋਫੈਸਰ, ਗਣਿਤ ਵਿਭਾਗ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 78 ਉਤੇ ਸਟੈਚਿਊਟ 92 ਅਧੀਨ ਖੋਜ ਕਿਤਾਬ ਲਿਖਣ ਵਾਸਤੇ ਮਿਤੀ 1.7.2012 ਤੋਂ 30.6.2013 ਤੱਕ, ਇਕ ਸਾਲ ਲਈ, ਪੂਰੀ ਤਨਖਾਹ ਤੇ ਸਬੈਟੀਕਲ ਛੁੱਟੀ ਪਰਵਾਨ ਕੀਤੀ ਜਾਂਦੀ ਹੈ।

ਡਾ. ਮੋਹਨਜੀਤ ਨਾਗਪਾਲ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ ਅਤੇ ਤਨਖਾਹ ਵਿਚ ਵਾਧਾ।

89. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮੋਹਨਜੀਤ ਨਾਗਪਾਲ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ (ਤਰਨ ਤਾਰਨ), ਜਿਸ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 31.5.2012 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.6.2012 ਤੋਂ 11 ਮਹੀਨੇ ਲਈ ਵਾਧਾ ਕੀਤਾ ਹੈ।

(ਅ) ਉਕਤ (ੳ) ਅਧੀਨ ਡਾ. ਮੋਹਨਜੀਤ ਨਾਗਪਾਲ, ਪ੍ਰਿੰਸੀਪਲ ਦੀ ਤਨਖਾਹ, ਮੁੜ-ਨਿਯੁਕਤ ਹੋਣ ਵਾਲੇ ਪ੍ਰਿੰਸੀਪਲਾਂ ਦੀ ਤਰ੍ਹਾਂ ਨਿਯਮਾਂ ਅਨੁਸਾਰ (ਕੁਲ ਤਨਖਾਹ-ਪੈਨਸ਼ਨ) ਨਿਰਧਾਰਤ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸ੍ਰੀਮਤੀ ਅਵਿੰਦਰ ਕੌਰ, ਸੀਨੀਅਰ ਸਹਾਇਕ** reinstate & Suspended **ਨੂੰ ਜਾਰੀ 'ਕਾਰਣ ਦੱਸੋ' ਨੋਟਿਸ ਸਬੰਧੀ ਉਸ ਵੱਲੋਂ ਪ੍ਰਾਪਤ ਉੱਤਰ ਅਪਰਵਾਨ ਅਤੇ ਯੂਨੀਵਰਸਿਟੀ ਤੋਂ ਸੇਵਾ ਨੂੰ ਖਤਮ ਕਰਨ ਦੀ ਪਰਵਾਨਗੀ।**

90. ਸ੍ਰੀਮਤੀ ਅਵਿੰਦਰ ਕੌਰ, ਸੀਨੀਅਰ ਸਹਾਇਕ, ਜਿਸ ਦੀਆਂ ਯੂਨੀਵਰਸਿਟੀ ਤੋਂ ਸੇਵਾਵਾਂ ਪੀ.ਐਚ.ਡੀ. ਲਈ ਕੀਤੇ ਖੋਜ ਕਾਰਜਾਂ ਵਿਚ ਨਕਲ (Plagiarism) ਕਾਰਣ ਸਿੰਡੀਕੇਟ ਦੀ ਇੱਕਤਰਤਾ ਮਿਤੀ 3.12.2009 ਰਾਹੀਂ ਖਤਮ ਕਰਨ ਉਪਰੰਤ Appellate Authority ਮਾਣਯੋਗ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਜਾਰੀ ਪੱਤਰ ਨੰ: 5/8/10/GNDU-2G-PRB/144 ਮਿਤੀ 4.1.2012 ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਅਨੁਸਾਰ ਉਸ ਦੀਆਂ ਖਤਮ ਕੀਤੀਆਂ ਸੇਵਾਵਾਂ (terminate) ਨੂੰ ਮੁੜ-ਬਹਾਲ (re-instate) ਕਰਕੇ ਫਿਰ ਮੁਅੱਤਲ (Suspend) ਕਰਨ ਉਪਰੰਤ ਪੜਤਾਲੀਆ ਅਫਸਰ ਗੁਰਨਾਮ ਸਿੰਘ, ਐਡੀਸ਼ਨਲ ਡਿਸਟ੍ਰਿਕਟ ਅਤੇ ਸੈਸ਼ਨ ਜੱਜ (ਰਿਟਾ.) ਦੀ ਪੜਤਾਲੀਆ ਰਿਪੋਰਟ ਮਿਤੀ 26.4.2012 (**ਅੰਤਿਕਾ-I**), ਉਸਨੂੰ (ਅਵਿੰਦਰ ਕੌਰ) ਜਾਰੀ 'ਕਾਰਣ ਦੱਸੋ' ਨੋਟਿਸ ਮਿਤੀ 11.5.2012 (**ਅੰਤਿਕਾ-II**) ਸਬੰਧੀ ਉਸ (ਅਵਿੰਦਰ ਕੌਰ) ਵੱਲੋਂ ਪ੍ਰਾਪਤ ਉੱਤਰ ਮਿਤੀ 28.5.2012 (**ਅੰਤਿਕਾ-III**) ਉੱਤੇ ਵਿਚਾਰ ਹੋਈ।

ਕੇਸ ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

ਸਰਵਸੰਮਤੀ ਨਾਲ **ਪਾਸ ਹੋਇਆ** ਕਿ ਸ੍ਰੀਮਤੀ ਅਵਿੰਦਰ ਕੌਰ, ਸੀਨੀਅਰ ਸਹਾਇਕ, ਜਿਸ ਦੀਆਂ ਯੂਨੀਵਰਸਿਟੀ ਤੋਂ ਸੇਵਾਵਾਂ ਪੀ.ਐਚ.ਡੀ. ਲਈ ਕੀਤੇ ਖੋਜ ਕਾਰਜਾਂ ਵਿਚ ਨਕਲ (Plagiarism) ਕਾਰਣ ਸਿੰਡੀਕੇਟ ਦੀ ਇੱਕਤਰਤਾ ਮਿਤੀ 3.12.2009 ਰਾਹੀਂ ਖਤਮ ਕਰਨ ਉਪਰੰਤ Appellate Authority ਮਾਣਯੋਗ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਜਾਰੀ ਪੱਤਰ ਨੰ: 5/8/10/GNDU-2G-PRB/144 ਮਿਤੀ 4.1.2012 ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਅਨੁਸਾਰ ਉਸ ਦੀਆਂ ਖਤਮ ਕੀਤੀਆਂ ਸੇਵਾਵਾਂ (terminate) ਨੂੰ ਮੁੜ-ਬਹਾਲ (re-instate) ਕਰਕੇ ਫਿਰ ਮੁਅੱਤਲ (Suspend) ਕਰਨ ਉਪਰੰਤ ਪੜਤਾਲੀਆ ਅਫਸਰ ਗੁਰਨਾਮ ਸਿੰਘ, ਐਡੀਸ਼ਨਲ ਡਿਸਟ੍ਰਿਕਟ ਅਤੇ ਸੈਸ਼ਨ ਜੱਜ (ਰਿਟਾ.) ਦੀ ਪੜਤਾਲੀਆ ਰਿਪੋਰਟ ਮਿਤੀ 26.4.2012 (**ਅੰਤਿਕਾ-I**), ਉਸਨੂੰ (ਅਵਿੰਦਰ ਕੌਰ) ਜਾਰੀ 'ਕਾਰਣ ਦੱਸੋ' ਨੋਟਿਸ ਮਿਤੀ 11.5.2012 (**ਅੰਤਿਕਾ-II**) ਸਬੰਧੀ ਉਸ (ਅਵਿੰਦਰ ਕੌਰ) ਵੱਲੋਂ ਪ੍ਰਾਪਤ ਉੱਤਰ ਮਿਤੀ 28.5.2012 (**ਅੰਤਿਕਾ-III**) ਅਪਰਵਾਨ ਕੀਤਾ ਜਾਂਦਾ ਹੈ।

ਇਹ ਵੀ **ਪਾਸ ਹੋਇਆ** ਕਿ ਸ੍ਰੀਮਤੀ ਅਵਿੰਦਰ ਕੌਰ, ਸੀਨੀਅਰ ਸਹਾਇਕ, ਮੁਅਤੱਲ (Suspend) ਦੀਆਂ ਯੂਨੀਵਰਸਿਟੀ ਤੋਂ ਸੇਵਾਵਾਂ ਖਤਮ (remove) ਕੀਤੀਆਂ ਜਾਂਦੀਆਂ ਹਨ।

**Gmail Website ਉੱਤੇ University Syndicate- A Dummy Body ਦਰਸਾਉਣ ਕਾਰਣ ਡਾ. ਜੀ.ਐਸ. ਭੱਲਾ, ਪ੍ਰੋਫੈਸਰ ਵਿਰੁੱਧ ਅਗਲੇਰੀ ਅਨੁਸ਼ਾਸਨੀ ਕਾਰਵਾਈ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

91. Gmail Website ਉੱਤੇ University Syndicate- A Dummy Body ਦਰਸਾਉਣ ਸਬੰਧੀ ਪ੍ਰਾਪਤ **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ।

**ਪਾਸ ਹੋਇਆ** ਕਿ Gmail Website ਉੱਤੇ University Syndicate- A Dummy Body (**ਅੰਤਿਕਾ** ਅਨੁਸਾਰ) ਦਰਸਾਉਣ ਕਾਰਣ ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਰੁੱਧ ਅਗਲੇਰੀ ਅਨੁਸ਼ਾਸਨੀ ਕਾਰਵਾਈ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

92. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਵਿਵੇਕ ਸ਼ੀਲ | Biomolecule Directed Synthesis and Characterization of Nanocrystals. | ਕੈਮਿਸਟਰੀ-<br>ਸਾਇੰਸਜ਼ ਫੈਕਲਟੀ। |
| 2. | ਅਮਨਦੀਪ ਕੌਰ | Growth Regulatory Activity of Polyphenols Extracted from Acacia auriculiformis A.Cunn.on Bactrocera cucurbitae (Coq.) (Diptera: Tephritidae) | ਜ਼ੂਆਲੋਜੀ-<br>ਲਾਈਫ ਸਾਇੰਸਜ਼ ਫੈਕਲਟੀ। |
| 3. | ਰਚਨਾ ਸ਼ਰਮਾ | Globalization, Retail Invasion and the Local Social World: A Sociological Study of Amritsar City. | ਸੋਸ਼ਿਆਲੋਜੀ-<br>ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 4. | ਮਨਪ੍ਰੀਤ ਕੌਰ | A Comparative Study of Bani of Sheikh Farid & Bhagat Kabir (In the special context of Shri Guru Granth Sahib) | ਹਿੰਦੀ-<br>ਲੈਂਗੂਏਜਿਜ਼ ਫੈਕਲਟੀ। |
| 5. | ਮੰਜੂ ਬਿਸ਼ਨ ਸ਼ਰਮਾ | Xylanases from Thermophilic Fungus Malbranchea flava: Production, Purification and Application in Pulp Bleaching. | ਮਾਈਕ੍ਰੋਬਿਆਲੋਜੀ-<br>ਲਾਈਫ ਸਾਇੰਸਜ਼ ਫੈਕਲਟੀ। |
| 6. | ਜਤਿੰਦਰ ਬੀਰ ਸਿੰਘ | Economic Impact of Tuberculosis on Households: A Study of Amritsar District (Punjab). | ਇਕਨਾਮਿਕਸ-<br>ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 7. | ਵਿਜੇ ਕੁਮਾਰ | Interleukin-10 and Interferon-y Based Susceptibility in Tuberculosis. | ਮੌਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ-<br>ਲਾਈਫ ਸਾਇੰਸਜ਼ ਫੈਕਲਟੀ। |
| 8. | ਰਮਨਦੀਪ ਕੌਰ | Anthropometric Characterstics Contributing to Success at different Levels of Performance in Cricket. | ਫਿਜ਼ੀਕਲ ਐਜੂਕੇਸ਼ਨ-<br>ਫਿਜ਼ੀਕਲ ਐਜੂਕੇਸ਼ਨ ਫੈਕਲਟੀ। |
| 9. | ਰਸ਼ਪਾਲ ਸਿੰਘ | Stress and Coping among Branch Managers: A Study of Banking Industry in Punjab. | ਕਾਮਰਸ-<br>ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |

ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵਿਰੁੱਧ 'ਕਾਰਣ ਦੱਸੋ' ਨੋਟਿਸ ਜਾਰੀ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

93. ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਜਿਸ ਵੱਲੋਂ ਸ੍ਰੀ ਰਮੇਸ਼ ਚੌਧਰੀ, ਐਡਵੋਕੇਟ, ਜਿਲ੍ਹਾ ਕਚਹਿਰੀ, ਅੰਮ੍ਰਿਤਸਰ ਦੇ ਜਾਅਲੀ ਦਸਤਖਤ ਕਰਨ ਸਬੰਧੀ ਸਿੰਡੀਕੇਟ ਦੀ ਇੱਕਤਰਤਾ ਮਿਤੀ 27.9.2011 ਦੇ ਪੈਰਾ ਨੰ: 77 (**ਅੰਤਿਕਾ-I**) ਰਾਹੀਂ ਪੜਤਾਲੀਆ ਅਫਸਰ ਪ੍ਰੋਫੈਸਰ ਕੇ.ਐਸ. ਸਿੱਧੂ ਦੀ ਪੜਤਾਲੀਆ ਰਿਪੋਰਟ ਮਿਤੀ 24.6.2011 (**ਅੰਤਿਕਾ-II** ਅਨੁਸਾਰ) ਪਰਵਾਨ ਕੀਤੀ ਗਈ ਸੀ, ਵਿਰੁੱਧ ਸਜਾ ਤਜ਼ਵੀਜ਼ ਕਰਕੇ 'ਕਾਰਣ ਦੱਸੋ' ਨੋਟਿਸ ਜਾਰੀ ਕਰਨ 'ਤੇ ਵਿਚਾਰ ਹੋਈ।

ਕੇਸ 'ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

ਸਰਵਸੰਮਤੀ ਨਾਲ **ਪਾਸ ਹੋਇਆ** ਕਿ-

(i) ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵੱਲੋਂ ਸ੍ਰੀ ਰਮੇਸ਼ ਚੌਧਰੀ, ਐਡਵੋਕੇਟ, ਜਿਲ੍ਹਾ ਕਚਹਿਰੀ, ਅੰਮ੍ਰਿਤਸਰ ਦੇ ਜਾਅਲੀ ਦਸਤਖਤ ਕਰਨ ਸਬੰਧੀ ਸਿੰਡੀਕੇਟ ਦੀ ਇੱਕਤਰਤਾ ਮਿਤੀ 27.9.2011 ਦੇ ਪੈਰਾ ਨੰ: 77 ਰਾਹੀਂ ਹੇਠ ਲਿਖੇ ਅਨੁਸਾਰ ਲਿਆ ਗਿਆ ਨਿਰਣਾ ਰੱਦ ਕੀਤਾ ਜਾਂਦਾ ਹੈ:-

> "ਇਹ ਵੀ **ਪਾਸ ਹੋਇਆ** ਕਿ ਡਾ. ਜੀ.ਐਸ. ਭੱਲਾ ਪ੍ਰੋਫੈਸਰ ਕਾਮਰਸ ਅਤੇ ਬਿਜਨੈਸ ਮੈਨੇਜਮੈਂਟ ਵਿਭਾਗ ਵਿਰੁੱਧ ਮੁਕੰਮਲ ਪੜਤਾਲ (Full fledged enquiry) ਕਰਨ ਲਈ ਪੜਤਾਲੀਆ ਅਫਸਰ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।"

(ii) ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵੱਲੋਂ ਸ੍ਰੀ ਰਮੇਸ਼ ਚੌਧਰੀ, ਐਡਵੋਕੇਟ, ਜਿਲ੍ਹਾ ਕਚਹਿਰੀ, ਅੰਮ੍ਰਿਤਸਰ ਦੇ ਜਾਅਲੀ ਦਸਤਖਤ ਕਰਨ ਸਬੰਧੀ ਪੜਤਾਲੀਆ ਅਫਸਰ- ਪ੍ਰੋਫੈਸਰ ਕੇ.ਐਸ. ਸਿੱਧੂ ਦੀ ਮਿਤੀ 24.6.2011 ਦੀ Full Fledge (Regular Enquiry) Report (**ਅੰਤਿਕਾ-II**) ਦੇ ਆਧਾਰ ਤੇ ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਉੱਤੇ ਸਟੈਚਿਊਟ 33(i)(c) ਅਧੀਨ demote (reduction to a lower Post) ਕਰਨ ਲਈ 'ਕਾਰਣ ਦੱਸੋ' ਨੋਟਿਸ ਜਾਰੀ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 19.6.2012 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

94. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 19.6.2012 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਸ੍ਰੀ ਅਮਨਦੀਪ ਸਿੰਘ, ਅਸਿਸਟੈਂਟ ਪ੍ਰੋਫੈਸਰ, ਫਿਜ਼ੀਕਲ ਐਜੂਕੇਸ਼ਨ ਵਿਭਾਗ (ਟੀਚਿੰਗ) ਦੀ ਸਟੱਡੀ ਲੀਵ ਰੱਦ ਕਰਕੇ ਡਿਊਟੀ ਤੇ ਹਾਜ਼ਰ ਹੋਣ ਦੀ ਪੁਸ਼ਟੀ।**

95. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਅਮਨਦੀਪ ਸਿੰਘ, ਅਸਿਸਟੈਂਟ ਪ੍ਰੋਫੈਸਰ, ਫਿਜ਼ੀਕਲ ਐਜੂਕੇਸ਼ਨ ਵਿਭਾਗ (ਟੀਚਿੰਗ) ਦੀ ਮਿਤੀ 5.6.2012 ਤੋਂ 14.8.2012 ਤੱਕ ਸਟੱਡੀ ਲੀਵ (ਪੂਰੀ ਤਨਖਾਹ ਤੇ) ਰੱਦ ਕਰਦਿਆਂ ਉਨ੍ਹਾਂ ਨੂੰ ਮਿਤੀ 5.6.2012 ਤੋਂ ਡਿਊਟੀ 'ਤੇ ਹਾਜਰ ਹੋਣ ਦੀ ਆਗਿਆ ਦਿੱਤੀ ਹੈ।

**ਸ੍ਰੀ ਨਕੁਲ ਕੁੰਦਰਾ, ਅਸਿਸਟੈਂਟ ਪ੍ਰੋਫੈਸਰ, ਅੰਗਰੇਜੀ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੀਆਂ ਸੇਵਾਵਾਂ ਖਤਮ (terminate) ਕਰਨ ਦੀ ਪੁਸ਼ਟੀ।**

96. ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੇ ਪ੍ਰਿੰਸੀਪਲ ਵੱਲੋਂ ਉਕਤ ਕਾਲਜ ਵਿਖੇ ਅਸਿਸਟੈਂਟ ਪ੍ਰੋਫੈਸਰ, ਅੰਗਰੇਜੀ ਵਜੋਂ ਨਿਯੁਕਤ ਸ੍ਰੀ ਨਕੁਲ ਕੁੰਦਰਾ ਦਾ ਕੰਮ ਅਤੇ ਵਿਵਹਾਰ ਤੱਸਲੀਬਖਸ਼ ਨਾ ਹੋਣ ਦੀ ਸਿਫਾਰਸ਼ ਦੇ ਆਧਾਰ ਤੇ ਯੂਨੀਵਰਸਿਟੀ ਕੈਲੰਡਰ ਜਿਲਦ ਪਹਿਲੀ ਦੇ ਪੰਨਾ 30 ਉੱਤੇ ਦਰਜ਼ ਸਟੈਚਿਊਟ 31.3 ਅਧੀਨ ਉਸ (ਨਕੁਲ ਕੁੰਦਰਾ) ਦੀਆਂ ਸੇਵਾਵਾਂ ਖਤਮ (terminate) ਕੀਤੀਆਂ ਹਨ।

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ,

ਮੁਕੰਦਪੁਰ ਦੇ ਪ੍ਰਿੰਸੀਪਲ ਵੱਲੋਂ ਉਕਤ ਕਾਲਜ ਵਿਖੇ ਅਸਿਸਟੈਂਟ ਪ੍ਰੋਫੈਸਰ, ਅੰਗਰੇਜੀ ਵਜੋਂ ਨਿਯੁਕਤ ਸ੍ਰੀ ਨਕੁਲ ਕੁੰਦਰਾ ਦਾ ਕੰਮ ਅਤੇ ਵਿਵਹਾਰ ਤੱਸਲੀਬਖਸ਼ ਨਾ ਹੋਣ ਦੀ ਸਿਫਾਰਸ਼ ਦੇ ਆਧਾਰ ਤੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 30 ਉੱਤੇ ਦਰਜ਼ ਸਟੈਚਿਊਟ 31.3 ਅਧੀਨ ਉਸ (ਨਕੁਲ ਕੁੰਦਰਾ) ਦੀਆਂ ਸੇਵਾਵਾਂ ਖਤਮ (terminate) ਕੀਤੀਆਂ ਹਨ।

ਡਾ. ਗੁਰਚਰਨ ਕੌਰ, ਪ੍ਰੋਫੈਸਰ ਦੀ ਡਿਊਟੀ ਲੀਵ ਅਤੇ ਡਾ. ਪੀ.ਕੇ. ਪਾਤੀ, ਰੀਡਰ, ਬਾਇਓ-ਟੈਕਨਾਲੋਜੀ ਵਿਭਾਗ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।

97. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਗੁਰਚਰਨ ਕੌਰ, ਪ੍ਰੋਫੈਸਰ ਅਤੇ ਮੁਖੀ, ਬਾਇਓ-ਟੈਕਨਾਲੋਜੀ ਵਿਭਾਗ ਨੂੰ Tufts University Medford Campus, Massachusetts, USA ਵਿਖੇ Conference on Tumor Metronomics: Timings and Dose Level Dynamics ਦੌਰਾਨ "Withania somnifera leaf extract as a potential candidate for differentiation based therapy of neuroblastomas and gliomas" ਖੋਜ ਪੇਪਰ ਪੇਸ਼ ਕਰਨ ਲਈ ਮਿਤੀ 13.7.2012 ਤੋਂ 30.7.2012 ਤੱਕ ਡਿਊਟੀ ਲੀਵ ਦੀ ਪਰਵਾਨਗੀ ਦਿੱਤੀ ਹੈ।

(ਅ) ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ ਡਾ. ਗੁਰਚਰਨ ਕੌਰ, ਪ੍ਰੋਫੈਸਰ ਦੀ ਡਿਊਟੀ ਲੀਵ ਦੌਰਾਨ ਡਾ. ਪੀ.ਕੇ. ਪਾਤੀ, ਰੀਡਰ ਨੂੰ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਡਾ. ਗੁਰਉਪਦੇਸ਼ ਸਿੰਘ, ਪ੍ਰੋਫੈਸਰ, ਅੰਗਰੇਜੀ ਵਿਭਾਗ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪਰਵਾਨਗੀ।

98. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ ਡਾ. ਯੂਬੀ ਗਿੱਲ, ਰੀਡਰ, ਅੰਗਰੇਜੀ ਵਿਭਾਗ ਵੱਲੋਂ ਮੁਖੀ ਵਿਭਾਗ ਵਜੋਂ ਸੇਵਾ ਨਿਭਾਉਣ ਸਬੰਧੀ ਅਸਮਰਥਾ ਜਾਹਰ ਕਰਨ ਕਰਕੇ ਡਾ. ਗੁਰਉਪਦੇਸ਼ ਸਿੰਘ, ਪ੍ਰੋਫੈਸਰ, ਅੰਗਰੇਜੀ ਵਿਭਾਗ ਨੂੰ ਮਿਤੀ 15.6.2012 ਤੋਂ 30.6.2012 ਤੱਕ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

(ਅ) ਡਾ. ਗੁਰਉਪਦੇਸ਼ ਸਿੰਘ, ਪ੍ਰੋਫੈਸਰ, ਅੰਗਰੇਜੀ ਵਿਭਾਗ ਨੂੰ ਮਿਤੀ 1.7.2012 ਤੋਂ 20.8.2012 ਤੱਕ (60 ਸਾਲ ਦੀ ਉਮਰ ਤੱਕ) ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ।

ਹਿਊਮਨ ਜੈਨੇਟਿਕਸ ਵਿਭਾਗ ਦਾ ਨਕਾਰਾ ਅਤੇ ਨਾ-ਵਰਤੋਂਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

99. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹਿਊਮਨ ਜੈਨੇਟਿਕਸ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦਿਆ 2,46,952/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 24.2.2012 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਸਰਕਾਰੀ ਡਿਗਰੀ ਕਾਲਜ, ਪੱਟੀ ਅਤੇ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਪੱਟੀ ਨੂੰ ਯੂਨੀਵਰਸਿਟੀ ਕਾਲਜ ਬਣਾਉਣ ਦੀ ਪਰਵਾਨਗੀ।

100. ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ (ਸਿੱਖਿਆ ਸੈੱਲ) ਵੱਲੋਂ ਜਾਰੀ ਪੱਤਰ ਨੰ:15/12/2007-5ਸਿ.ਸੈੱਲ/1157 ਮਿਤੀ 22.6.2012 (**ਅੰਤਿਕਾ** ਅਨੁਸਾਰ) ਮੰਤਰੀ ਪ੍ਰੀਸ਼ਦ, ਪੰਜਾਬ ਸਰਕਾਰ ਦੀ ਮਿਤੀ 18.6.2012 ਦੀ ਇੱਕਤਰਤਾ ਰਾਹੀਂ ਸਰਕਾਰੀ ਡਿਗਰੀ ਕਾਲਜ, ਪੱਟੀ ਅਤੇ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਪੱਟੀ (ਤਰਨ ਤਾਰਨ) ਨੂੰ ਯੂਨੀਵਰਸਿਟੀ ਕਾਲਜ ਬਣਾਉਣ ਸਬੰਧੀ ਲਏ ਗਏ ਨਿਰਣੇ ਤੇ ਵਿਚਾਰ ਹੋਈ।

**ਪਾਸ ਹੋਇਆ** ਕਿ-

(ੳ) ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ (ਸਿੱਖਿਆ ਸੈੱਲ) ਵੱਲੋਂ ਜਾਰੀ ਪੱਤਰ ਨੰ:15/12/2007-5ਸਿ.ਸੈੱਲ/1157 ਮਿਤੀ 22.6.2012 (**ਅੰਤਿਕਾ** ਅਨੁਸਾਰ) ਮੰਤਰੀ ਪ੍ਰੀਸ਼ਦ, ਪੰਜਾਬ ਸਰਕਾਰ ਦੀ ਮਿਤੀ 18.6.2012 ਦੀ ਇੱਕਤਰਤਾ ਰਾਹੀਂ ਸਰਕਾਰੀ ਡਿਗਰੀ ਕਾਲਜ, ਪੱਟੀ ਅਤੇ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਪੱਟੀ (ਤਰਨ ਤਾਰਨ) ਨੂੰ ਯੂਨੀਵਰਸਿਟੀ ਕਾਲਜ ਬਣਾਉਣ ਸਬੰਧੀ ਲਏ ਗਏ ਨਿਰਣੇ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਅ) ਡਾ. ਮਹਿਲ ਸਿੰਘ, ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਨੂੰ ਉਕਤ ਕਾਲਜਾਂ ਦੇ ਪ੍ਰਿੰਸੀਪਲ ਦੀ ਬਕਾਇਦਾ ਨਿਯੁਕਤੀ ਹੋਣ ਤੱਕ ਵਧੀਕ ਚਾਰਜ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਯੂਨੀਵਰਸਿਟੀ ਦੁਆਰਾ ਆਵਾਜਾਈ ਦੀ ਸਹੂਲਤ (Transport Facility) ਮੁਹੱਈਆ ਕਰਵਾਈ ਜਾਵੇਗੀ।

(ੲ) ਸਰਕਾਰੀ ਡਿਗਰੀ ਕਾਲਜ, ਪੱਟੀ ਅਤੇ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਪੱਟੀ (ਤਰਨ ਤਾਰਨ) ਦੇ ਪ੍ਰਿੰਸੀਪਲਾਂ ਨੂੰ ਦਫਤਰੀ ਮੰਤਵ ਲਈ 500/- ਰੁਪਏ ਪ੍ਰਤੀ ਮਹੀਨਾ ਮੋਬਾਈਲ ਭੱਤਾ ਅਤੇ 1000/- ਰੁਪਏ ਪ੍ਰਤੀ ਮਹੀਨਾ ਹੋਸਪੀਟੈਲਿਟੀ ਭੱਤਾ (ਉੱਕਾ-ਪੁੱਕਾ) ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਸ) ਉਕਤ ਕਾਲਜਾਂ ਵਿਖੇ ਵਿਦਿਆਰਥੀਆਂ ਤੋਂ ਲਈਆਂ ਜਾਣ ਵਾਲੀਆਂ ਫੀਸਾਂ ਦੇ ਦਰ ਸਿੰਡੀਕੇਟ ਦੀ ਇੱਕਤਰਤਾ ਮਿਤੀ 25.6.2012 ਦੇ ਪੈਰਾ 64 ਰਾਹੀਂ ਲਏ ਗਏ ਨਿਰਣੇ ਦੇ ਅਧਾਰ ਤੇ ਲਾਗੂ ਹੋਣਗੇ।

ਸਟੈਨੋ-ਗ੍ਰਾਫਰ ਦੀ Supernumerary ਅਸਾਮੀ ਦੀ ਵਿਵਸਥਾ ਕਰਨ ਦੀ ਪੁਸ਼ਟੀ।

101. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਤੀ 2.4.2008 ਤੋਂ 30.4.2012 ਤੱਕ ਸਟੈਨੋ-ਗ੍ਰਾਫਰ ਦੀ ਇਕ Supernumerary ਅਸਾਮੀ ਦੀ ਵਿਵਸਥਾ ਕਰਨ ਦੀ ਆਗਿਆ ਦਿੱਤੀ ਹੈ।

ਅਧਿਆਪਕਾਂ ਦੀ ਸਲੈਕਸ਼ਨ ਗ੍ਰੇਡ ਵਿਚ ਪਲੇਸਮੈਂਟ/ ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

102. ਹੇਠਾਂ ਦਰਸਾਏ ਅਨੁਸਾਰ ਏ.ਆਈ.ਸੀ.ਟੀ.ਈ. ਨਿਯਮਾਂ ਅਧੀਨ ਅਧਿਆਪਕਾਂ ਦੀ ਸਲੈਕਸ਼ਨ ਗ੍ਰੇਡ ਵਿਚ ਪਲੇਸਮੈਂਟ/ ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ:-

**Placement of Sr. Lecturers in the Selection Grade under AICTE rules.**

1. S. Kuldip Singh, G.R.D. School of Planning
2. S. Karamjit Singh Sandhu, G.R.D. School of Planning
3. Sh. Gopal Kumar Johri, G.R.D. School of Planning

**Open Selection**

1. Professor, Electronics Technology, G.N.D.U. Campus, Amritsar.
2. Professor, Electronics & Communication Engineering, R.C., Gurdaspur.
3. Professor, Electronics & Communication Engineering, R.C., Jalandhar.
4. Asstt. Professor, Electronics Technology, G.N.D.U. Campus, Amritsar.
5. Asstt. Professor, Electronics & Communication Engineering, R.C., Jalandhar.
6. Asstt. Professor, Electronics & Communication Engineering, R.C., Fattu Dhinga.
7. Asstt. Professor, Planning, G.N.D.U. Campus, Amritsar.

ਪਾਸ ਹੋਇਆ ਕਿ-

(ੳ) ਏ.ਆਈ.ਸੀ.ਟੀ.ਈ. ਨਿਯਮਾਂ ਅਧੀਨ ਹੇਠਾਂ ਦਰਸਾਏ ਅਧਿਆਪਕਾਂ ਨੂੰ ਯੋਗ ਹੋਣ ਦੀ ਮਿਤੀ ਤੋਂ ਸਲੈਕਸ਼ਨ ਗ੍ਰੇਡ ਵਿਚ ਪਲੇਸ ਕੀਤਾ ਜਾਂਦਾ ਹੈ:-

1. S. Kuldip Singh, G.R.D. School of Planning
2. S. Karamjit Singh Sandhu, G.R.D. School of Planning
3. Sh. Gopal Kumar Johari, G.R.D. School of Planning

(ਅ) ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਹੇਠ ਲਿਖੇ ਅਨੁਸਾਰ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ:-

**1. Professor, Electronics Technology for Amritsar Campus**

Dr. Maninder Lal Singh

**2. Asstt. Prof., Electronics Technology for Amritsar Campus**

1. Sukhdeep Kaur D/o Sh. Rajinder Singh
2. Pawandeep Kaur D/o Sh. Pritpal Singh
3. Shivinder Devra S/o Sh. Prem Devra
4. Jasdeep Kaur D/o Gurvinder Singh

**3. Asstt. Prof., ECE, RC, Jalandhar**

1. Vinit Dhaliwal D/o Sh. Hardiljit S. Grewal
2. Harmandar Kaur D/o Sh. Paramjit Singh

**4. Asstt. Prof., ECE, Fatthu Dhingha**

1. Kuldeep Singh S/o Jasdev Singh
2. Jaspreet Kaur D/o Gurmail Singh Gill
3. Rajdeep Singh Sohal S/o Malkit Singh
4. Rajandeep Singh S/o Hardeep Singh

**5. Asstt. Professor, GRD School of Planning**

**General Category**

1. Ravi Inder Singh S/o Gurmeet Singh
2. Ritu Raj Kaur D/o Dewinder Singh

3. Gursharan Kaur D/o Satnam Singh
4. Sakshi Sahni Aulakh D/o S.M. Sahni

**SC/ST Category**

1. Sandeep Kumar S/o Charan Dass

**On waiting List**

1. Ritika Arora D/o Sunil Arora
2. Madhu Arora D/o Amarjeet Arora

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ।

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ